ਐਤਵਾਰ, 2 ਅਗਸਤ, 2026
18 ਸਾਉਣ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 62

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • SUNDAY, 2 AUGUST, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14

ਮਹਿਲਾ ਸਸ਼ਕਤੀਕਰਨ ਲਈ ਇਤਿਹਾਸਕ ਕਦਮ : ਮਾਨ

ਔਰਤਾਂ ਦੇ ਖਾਤਿਆਂ 'ਚ ਜਮ੍ਹਾਂ ਹੋਈ ਸਤਿਕਾਰ ਰਾਸ਼ੀ

ਧਾਰ ਕਲਾਂ/ਪਠਾਨਕੋਟ : ਪੰਜਾਬ ਸਰਕਾਰ ਵੱਲੋਂ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਸ਼ਨੀਵਾਰ ਨੂੰ ਸੂਬੇ ਦੀਆਂ ਕਰੀਬ 40 ਲੱਖ ਮਹਿਲਾਵਾਂ ਦੇ ਬੈਂਕ ਖਾਤਿਆਂ 'ਚ ਵਿੱਤੀ ਸਹਾਇਤਾ ਦੀ ਰਾਸ਼ੀ ਜਮਾਂ ਕਰਵਾਈ ਗਈ। ਜਨਰਲ ਸ਼੍ਰੇਣੀ ਦੀਆਂ ਔਰਤਾਂ ਨੂੰ 3,000 ਅਤੇ ਐੱਸ ਸੀ ਸ਼੍ਰੇਣੀ ਦੀਆਂ ਔਰਤਾਂ ਨੂੰ 4,500 ਪ੍ਰਾਪਤ ਹੋਏ। ਇਸ ਮੌਕੇ ਜ਼ਿਲ੍ਹਾ ਪਠਾਨਕੋਟ ਦੇ ਬਲਾਕ ਧਾਰ ਕਲਾਂ ਸਥਿਤ ਵ੍ਹਾਈਟ ਹਾਊਸ ਹਸਪਤਾਲ ਦੇ ਮੈਦਾਨ 'ਚ ਕਰਵਾਏ ਗਏ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਯੋਜਨਾ ਦੀ ਰਸਮੀ ਸ਼ੁਰੂਆਤ ਕਰਦਿਆਂ ਕਿਹਾ ਕਿ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਇਕ-ਇੱਕ ਕਰ ਕੇ ਪੂਰਾ ਕੀਤਾ ਹੈ ਤੇ ਮਹਿਲਾ ਸਸ਼ਕਤੀਕਰਨ ਲਈ ਇਹ ਇਤਿਹਾਸਕ ਕਦਮ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਰਕਮ ਭਾਵੇਂ ਕਿਸੇ ਨੂੰ ਅਮੀਰ ਨਹੀਂ ਬਣਾਉਂਦੀ, ਪਰ ਹਰ ਮਹਿਲਾ ਨੂੰ ਆਰਥਕ ਤੌਰ 'ਤੇ ਆਤਮ ਨਿਰਭਰ ਬਣਾਉਣ ਵੱਲ ਇਹ ਮਹੱਤਵਪੂਰਨ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਇਹ ਮਹਿਲਾਵਾਂ ਦਾ ਆਪਣਾ ਹੱਕ ਹੈ, ਜਿਸ ਨਾਲ ਉਹ ਆਪਣੀਆਂ ਘਰੇਲੂ ਲੋੜਾਂ, ਬੱਚਿਆਂ ਦੀ ਸਿੱਖਿਆ, ਪਰਿਵਾਰਕ ਜ਼ਿੰਮੇਵਾਰੀਆਂ ਅਤੇ ਸਮਾਜਿਕ ਰਸਮਾਂ ਨੂੰ ਬਿਨਾਂ ਕਿਸੇ ਉੱਤੇ ਨਿਰਭਰ ਹੋਏ ਪੂਰਾ ਕਰ ਸਕਣਗੀਆਂ। ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪਛਾਣ ਹੀ ਆਪਣੇ ਵਾਅਦੇ ਨਿਭਾਉਣ ਦੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਹੋਣ ਜਾਂ ਉਨ੍ਹਾਂ ਵੱਲੋਂ ਮੁੱਖ ਮੰਤਰੀ ਵਜੋਂ ਕੀਤੇ ਐਲਾਨ

• ਬਾਕੀ ਸਫਾ 2 'ਤੇ

ਕੀ ਨੌਜਵਾਨਾਂ ਤੇ ਭਾਜਪਾ ਆਗੂਆਂ ਲਈ ਵੱਖੋ-ਵੱਖਰੇ ਕਾਨੂੰਨ ਹਨ : ਦੀਪਕੇ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਕਥਿਤ ਤੌਰ 'ਤੇ ਗ਼ਲਤ ਭਾਸ਼ਾ ਵਰਤਣ ਦੇ ਦੋਸ਼ 'ਚ ਇੱਕ ਲੜਕੀ 'ਤੇ ਦਰਜ ਹੋਈ ਐੱਫ ਆਈ ਆਰ ਤੋਂ ਬਾਅਦ ਕਾਕਰੋਚ ਜਨਤਾ ਪਾਰਟੀ ਦੇ ਮੁਖੀ ਅਭਿਜੀਤ ਦੀਪਕੇ ਨੇ ਦੇਸ਼ ਦੀ ਕਾਨੂੰਨ ਵਿਵਸਥਾ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਦੀਪਕੇ ਨੇ ਪੁੱਛਿਆ ਕਿ ਕੀ ਦੇਸ਼ ਵਿੱਚ ਦੋ ਵੱਖ-ਵੱਖ ਕਾਨੂੰਨ ਚੱਲ ਰਹੇ ਹਨ? ਉਨ੍ਹਾਂ ਸਵਾਲ ਕੀਤਾ ਕਿ ਮਹਿਲਾਵਾਂ ਖ਼ਿਲਾਫ਼ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਵਾਲੇ ਭਾਜਪਾ ਨੇਤਾਵਾਂ ਅਤੇ ਆਈ ਟੀ ਸੈੱਲ ਦੇ ਮੈਂਬਰਾਂ ਵਿਰੁੱਧ ਅਜਿਹੀ ਕਾਰਵਾਈ ਕਿਉਂ ਨਹੀਂ ਕੀਤੀ ਜਾਂਦੀ? ਸੰਸਥਾ ਵੱਲੋਂ ਸੋਸ਼ਲ ਮੀਡੀਆ ਮੰਚ ਐੱਕਸ 'ਤੇ ਸਾਂਝੀ ਕੀਤੀ ਗਈ ਇੱਕ ਵੀਡੀਓ ਵਿੱਚ ਦੀਪਕੇ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਗਾਲੀ-ਗਲੋਚ ਕਰਨ ਦੇ ਦੋਸ਼ ਵਿੱਚ ਇੱਕ ਲੜਕੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾ ਕਿਹਾ, 'ਜੇਕਰ ਤੁਸੀਂ ਗਾਲ੍ਹਾਂ ਕੱਢਣ 'ਤੇ ਕੇਸ ਦਰਜ ਕਰ ਰਹੇ ਹੋ, ਤਾਂ ਭਾਜਪਾ ਆਈ ਟੀ ਸੈੱਲ ਦੇ ਉਨ੍ਹਾਂ ਲੋਕਾਂ 'ਤੇ ਕੇਸ ਕਦੋਂ ਦਰਜ ਹੋਣਗੇ, ਜੋ ਸਾਲਾਂ ਤੋਂ ਸੋਸ਼ਲ ਮੀਡੀਆ 'ਤੇ ਔਰਤਾਂ ਲਈ ਗੰਦੀ ਭਾਸ਼ਾ ਵਰਤ ਰਹੇ ਹਨ? ਦੀਪਕੇ ਨੇ ਦੋਸ਼ ਲਾਇਆ ਕਿ ਕਈ ਅਜਿਹੇ ਯੂਜ਼ਰਜ਼ ਨੇ ਆਪਣੇ ਪ੍ਰੋਫਾਈਲ ਬਾਇਓ ਵਿੱਚ 'ਫਾਲੋਡ ਬਾਏ ਪੀ ਐੱਮ ਮੋਦੀ' ਲਿਖਿਆ ਹੋਇਆ ਹੈ ਅਤੇ ਉਹ ਸ਼ਰੇਆਮ ਕੁੜੀਆਂ ਤੇ ਔਰਤਾਂ ਖ਼ਿਲਾਫ਼ ਭੱਦੀ ਸ਼ਬਦਾਵਲੀ ਵਰਤਦੇ ਹਨ। ਉਨ੍ਹਾ ਪੁੱਛਿਆ ਕਿ ਅਜਿਹੇ ਲੋਕਾਂ 'ਤੇ ਹੁਣ ਤੱਕ ਪੁਲਸ ਕਾਰਵਾਈ ਕਿਉਂ ਨਹੀਂ ਹੋਈ? ਆਪਣੇ ਬਿਆਨ ਵਿੱਚ ਦੀਪਕੇ ਨੇ ਭਾਜਪਾ ਦੇ ਸੰਸਦ ਮੈਂਬਰ ਰਮੇਸ਼ ਬਿਧੂੜੀ ਵੱਲੋਂ ਸੰਸਦ ਦੇ ਅੰਦਰ ਇੱਕ ਹੋਰ ਸੰਸਦ ਮੈਂਬਰ ਲਈ ਵਰਤੀ ਗਈ ਭਾਸ਼ਾ ਦਾ ਜ਼ਿਕਰ ਕੀਤਾ। ਇਸ ਤੋਂ ਇਲਾਵਾ ਉਨ੍ਹਾ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਇੱਕ ਵਾਇਰਲ ਵੀਡੀਓ ਦਾ ਹਵਾਲਾ ਵੀ ਦਿੱਤਾ, ਜਿਸ ਵਿੱਚ ਉਹ ਕੈਮਰਾਮੈਨ ਖ਼ਿਲਾਫ਼ ਗਲਤ ਸ਼ਬਦ

• ਬਾਕੀ ਸਫਾ 2 'ਤੇ

ਵਾਰਾਨਸੀ ਪੁਲਸ ਵੱਲੋਂ ਰਾਹੁਲ ਤੇ ਪੱਪੂ ਯਾਦਵ ਵਿਰੁੱਧ ਮਾਮਲਾ ਦਰਜ

ਵਾਰਾਨਸੀ : ਸਥਾਨਕ ਪੁਲਸ ਨੇ ਸੰਸਦ ਦੇ ਵਿਰੋਧ ਪ੍ਰਦਰਸ਼ਨ ਦੌਰਾਨ 'ਸਨਾਤਨ ਧਰਮ ਦਾ ਅਪਮਾਨ' ਕਰਨ ਲਈ ਸੰਸਦ ਮੈਂਬਰ ਰਾਹੁਲ ਗਾਂਧੀ, ਪੱਪੂ ਯਾਦਵ, ਅਵਧੇਸ਼ ਪ੍ਰਸਾਦ ਵਿਰੁੱਧ ਮਾਮਲਾ ਦਰਜ ਕੀਤਾ ਹੈ। ਕਾਸ਼ੀ ਜ਼ੋਨ ਦੇ ਡੀ ਸੀ ਪੀ ਦਾ ਕਹਿਣਾ ਹੈ ਕਿ ਕੁਝ ਸਾਧੂਆਂ ਦੀ ਸ਼ਿਕਾਇਤ ਦੇ ਆਧਾਰ 'ਤੇ ਐਫ ਆਈ ਆਰ ਦਰਜ ਕੀਤੀ ਗਈ ਹੈ, ਜਿਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਰਾਹੁਲ ਗਾਂਧੀ, ਪੱਪੂ ਯਾਦਵ ਅਤੇ ਅਵਧੇਸ਼ ਪ੍ਰਸਾਦ ਨੇ ਸਨਾਤਨ ਧਰਮ ਦਾ ਅਪਮਾਨ ਕੀਤਾ ਹੈ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਲੋਕ ਸਭਾ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਆਜ਼ਾਦ ਸੰਸਦ ਮੈਂਬਰ ਰਾਜੇਸ਼ ਰੰਜਨ (ਪੱਪੂ ਯਾਦਵ) ਅਤੇ ਹੋਰ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿੱਚ ਮਾਨਸੂਨ ਸੈਸ਼ਨ ਦੌਰਾਨ ਅਯੁੱਧਿਆ ਰਾਮ ਮੰਦਰ ਦੇ ਦਾਨ ਵਿੱਚ ਕਥਿਤ ਗਬਨ ਦੇ ਮੁੱਦੇ 'ਤੇ ਸੰਸਦ ਦੇ ਮਕਰ ਦੁਆਰ 'ਤੇ ਵਿਰੋਧ ਪ੍ਰਦਰਸ਼ਨ ਕੀਤਾ। ਸ਼ੁੱਕਰਵਾਰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਸਮੇਤ ਭਾਰਤ ਬਲਾਕ ਦੇ ਸੰਸਦ ਮੈਂਬਰਾਂ ਨੇ ਅਯੁੱਧਿਆ ਦੇ ਰਾਮ ਮੰਦਰ ਵਿੱਚ ਦਾਨ ਚੋਰੀ ਦੇ ਨਾਲ-ਨਾਲ 20 ਜੁਲਾਈ ਦੇ ਸੰਸਦ ਮਾਰਚ ਦੌਰਾਨ ਵਿਦਿਆਰਥੀ ਅੰਦੋਲਨਕਾਰੀਆਂ ਵਿਰੁੱਧ ਪੁਲਸ ਕਾਰਵਾਈ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤਾ। ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਮੰਦਰ ਦੇ ਦਾਨ ਚੋਰੀ ਨੂੰ ਉਜਾਗਰ ਕਰਨ ਲਈ ਇੱਕ ਸਕਿੱਟ ਪੇਸ਼ ਕੀਤੀ। ਇਸ ਦੇ ਹਿੱਸੇ ਵਜੋਂ ਉਨ੍ਹਾਂ ਸੰਸਦ ਦੇ ਮਕਰ ਦੁਆਰ ਵੱਲ ਜਾਣ ਵਾਲੀਆਂ ਪੌੜੀਆਂ ਦੇ ਸਾਹਮਣੇ ਦਾਨ ਬਕਸੇ ਰੱਖੇ। ਰਾਹੁਲ ਗਾਂਧੀ ਸਮੇਤ ਸੰਸਦ ਮੈਂਬਰਾਂ ਨੇ ਬਕਸੇ ਵਿੱਚ ਪੈਸੇ ਪਾਏ, ਜਦੋਂ ਕਿ ਭਗਵਾ ਪਹਿਰਾਵਾ ਪਹਿਨੇ ਪੱਪੂ ਯਾਦਵ, ਜੋ ਬਕਸੇ ਦੇ ਕੋਲ ਬੈਠਾ ਸੀ, ਨੇ ਪੈਸੇ ਆਪਣੀਆਂ ਜੇਬਾਂ ਵਿੱਚ ਪਾ ਲਏ। ਭਾਰਤ ਬਲਾਕ ਦੇ ਸੰਸਦ ਮੈਂਬਰਾਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫੇ ਦੀ ਮੰਗ ਵੀ ਕੀਤੀ ਅਤੇ ਸਦਨ ਦੀ ਕਾਰਵਾਈ ਤੋਂ ਉਨ੍ਹਾਂ ਦੀ ਗੈਰਹਾਜ਼ਰੀ 'ਤੇ ਸਵਾਲ ਉਠਾਏ। ਸੰਸਦ ਮੈਂਬਰਾਂ ਨੇ

• ਬਾਕੀ ਸਫਾ 2 'ਤੇ

ਭਾਰਤ-ਚੀਨ ਵਿਚਾਲੇ ਵਪਾਰਕ ਰਸਤੇ ਮੁੜ ਖੁੱਲ੍ਹੇ

ਨਵੀਂ ਦਿੱਲੀ : ਭਾਰਤ ਅਤੇ ਚੀਨ ਵਿਚਕਾਰ ਵਪਾਰਕ ਰਸਤੇ ਸ਼ਨੀਵਾਰ ਤੋਂ ਉਤਰਾਖੰਡ ਦੇ ਲਿਪੁਲੇਖ ਦੱਰੇ ਅਤੇ ਸਿੱਕਮ ਦੇ ਨਾਥੂ ਲਾ ਦੱਰੇ ਰਾਹੀਂ ਮੁੜ ਖੁੱਲ੍ਹ ਗਏ ਹਨ। ਸਿੱਕਮ ਰਾਹੀਂ ਸਿਲਕ ਰੂਟ 1 ਅਗਸਤ ਤੋਂ ਦੁਬਾਰਾ ਖੁੱਲ੍ਹ ਗਿਆ।

ਦੋਵਾਂ ਦੇਸ਼ਾਂ ਵਿਚਕਾਰ ਸਰਹੱਦੀ ਵਪਾਰ ਛੇ ਸਾਲਾਂ ਬਾਅਦ ਪੁਰਾਣੇ ਸਿਲਕ ਰੂਟ ਰਾਹੀਂ ਮੁੜ ਸ਼ੁਰੂ ਹੋਵੇਗਾ, ਜੋ ਕਿ ਕੋਰੋਨਾ ਮਹਾਂਮਾਰੀ ਕਾਰਨ ਬੰਦ ਹੋ ਗਿਆ ਸੀ। ਨਾਥੂ ਲਾ ਰਾਹੀਂ ਸਰਹੱਦੀ ਵਪਾਰ ਪਹਿਲੀ ਵਾਰ 6 ਜੁਲਾਈ, 2006 ਨੂੰ ਸ਼ੁਰੂ ਹੋਇਆ ਸੀ। ਇਹ ਪੁਰਾਣਾ ਸਿਲਕ ਰੂਟ ਹੈ । ਸਰਹੱਦ ਸੋਮਵਾਰ ਤੋਂ ਵੀਰਵਾਰ ਤੱਕ ਵਪਾਰ ਲਈ ਖੁੱਲ੍ਹੀ ਰਹੇਗੀ ਅਤੇ ਦੋਵੇਂ ਦੇਸ਼ 36 ਪ੍ਰਵਾਨਿਤ ਸਾਮਾਨ ਦੀ ਮੌਜੂਦਾ ਸੂਚੀ ਨੂੰ ਬਰਕਰਾਰ ਰੱਖਣਗੇ। ਨਾਥੂ ਲਾ ਵਿਖੇ ਵਾਧੂ ਇੰਡੋ-ਤਿੱਬਤੀ ਸਰਹੱਦੀ ਪੁਲਸ ਕਰਮਚਾਰੀ ਤਾਇਨਾਤ ਕੀਤੇ ਜਾਣਗੇ। ਪਹਿਲੀ ਵਾਰ ਸਰਹੱਦ ਪਾਰ ਵਪਾਰ ਵਿੱਚ ਸਹਾਇਤਾ ਲਈ ਔਰਤਾਂ ਦੀ ਇੱਕ ਪੂਰੀ ਪਲਟੂਨ ਵੀ ਤਾਇਨਾਤ ਕੀਤੀ ਜਾਵੇਗੀ।

ਭਾਰਤ ਚੀਨ ਨੂੰ 36 ਪ੍ਰਵਾਨਤ ਉਤਪਾਦ ਨਿਰਯਾਤ ਕਰ ਸਕਦਾ ਹੈ। ਇਨ੍ਹਾਂ ਵਿੱਚ ਦਸਤਕਾਰੀ, ਹੱਥ ਨਾਲ ਬਣੇ ਸਾਮਾਨ, ਕੰਬਲ, ਖੇਤੀਬਾੜੀ ਸੰਦ, ਪ੍ਰੋਸੈਸਡ ਭੋਜਨ, ਸੁੱਕੀਆਂ ਸਬਜ਼ੀਆਂ, ਮਸਾਲੇ, ਤਿਆਰ ਕੱਪੜੇ, ਭਾਂਡੇ ਅਤੇ ਰਵਾਇਤੀ ਧਾਰਮਿਕ ਵਸਤੂਆਂ ਸ਼ਾਮਲ ਹਨ।

ਤਿੱਬਤ ਤੋਂ ਆਯਾਤ ਵਿੱਚ ਤਿਆਰ ਕੱਪੜੇ, ਜੁੱਤੇ, ਯਾਕ ਉਤਪਾਦ, ਮੱਖਣ, ਬੋਰੈਕਸ, ਬੱਕਰੀਆਂ, ਰਜਾਈ ਅਤੇ ਹੋਰ ਪ੍ਰਵਾਨਤ ਵਸਤੂਆਂ ਸ਼ਾਮਲ ਹਨ। ਇੱਕ ਵਪਾਰਕ ਸੀਜ਼ਨ ਦੌਰਾਨ 400 ਵਪਾਰੀਆਂ ਨੂੰ ਪਰਮਿਟ ਜਾਰੀ ਕੀਤੇ ਜਾਣੇ ਹਨ।

ਫ਼ੀਸਾਂ ਨਿਯਮਤ ਕਰਨ ਲਈ ਵਿਧਾਨ ਸਭਾ 'ਚ ਬਿੱਲ ਲਿਆਵੇਗੀ ਸਰਕਾਰ

ਚੰਡੀਗੜ੍ਹ (ਗੁਰਜੀਤ ਬਿੱਲਾ)

ਸਾਲਾਂ ਤੋਂ ਪੰਜਾਬ ਦੇ ਪ੍ਰਾਈਵੇਟ ਸਕੂਲ ਆਪਣੀ ਮਰਜ਼ੀ ਨਾਲ ਫ਼ੀਸਾਂ ਵਧਾਉਂਦੇ ਆ ਰਹੇ ਹਨ ਅਤੇ ਇਸ ਸਬੰਧ ਵਿੱਚ ਹੁਣ ਤੱਕ ਮਾਪਿਆਂ ਕੋਲ ਕੋਈ ਵਿਕਲਪ ਜਾਂ ਸੁਰੱਖਿਆ ਨਹੀਂ ਸੀ, ਜਿਸ ਦੇ ਚਲਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਹੁਣ ਇਸ ਪ੍ਰਚਲਨ 'ਤੇ ਪੂਰੀ ਤਰ੍ਹਾਂ ਰੋਕ ਲਾਉਣ ਜਾ ਰਹੀ ਹੈ। 13 ਜੁਲਾਈ ਤੋਂ ਲਾਗੂ ਆਰਡੀਨੈਂਸ ਨੂੰ ਪੱਕੀ ਕਾਨੂੰਨੀ ਮਾਨਤਾ ਦੇਣ ਲਈ ਪੰਜਾਬ ਵਿਧਾਨ ਸਭਾ ਦੇ ਮਾਨਸੂਨ ਅਜਲਾਸ ਦੌਰਾਨ 'ਦਿ ਪੰਜਾਬ ਰੈਗੂਲੇਸ਼ਨ ਆਫ਼ ਫ਼ੀ ਆਫ਼ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਬਿੱਲ, 2026' ਪੇਸ਼ ਕੀਤਾ ਜਾਵੇਗਾ, ਜੋ ਪ੍ਰਾਈਵੇਟ ਸਕੂਲਾਂ ਦੇ ਫ਼ੀਸ ਢਾਂਚੇ ਨੂੰ ਸਖ਼ਤੀ ਨਾਲ ਨਿਯਮਤ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਮਨਮਾਨੇ ਢੰਗ ਨਾਲ ਫ਼ੀਸਾਂ 'ਚ ਵਾਧੇ ਦੇ ਬੋਝ ਤੋਂ ਸੁਰੱਖਿਆ ਪ੍ਰਦਾਨ ਕਰੇਗਾ।ਪੰਜਾਬ ਦੇ 7,800 ਤੋਂ ਵੱਧ ਪ੍ਰਾਈਵੇਟ ਸਕੂਲਾਂ 'ਚ ਪੜ੍ਹਦੇ 32 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਇਸ ਫੈਸਲੇ ਦਾ ਲਾਭ ਮਿਲੇਗਾ, ਜਿਸ ਨੂੰ ਦੇਸ਼ ਦੇ ਸਭ ਤੋਂ ਸਖ਼ਤ ਫ਼ੀਸ ਨਿਯੰਤਰਣ ਢਾਂਚੇ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ।

ਮਾਨ ਸਰਕਾਰ ਨੇ ਸਾਲਾਨਾ ਫ਼ੀਸ ਵਾਧੇ 'ਤੇ ਸਖ਼ਤ ਰੋਕ ਲਗਾਈ ਹੈ, ਵਾਧੂ ਵਸੂਲੀ ਗਈ ਫ਼ੀਸ ਦੀ ਵਾਪਸੀ ਨੂੰ ਲਾਜ਼ਮੀ ਬਣਾਇਆ ਹੈ ਅਤੇ ਅਧਿਕਾਰੀਆਂ ਨੂੰ ਸਕੂਲੀ ਖਾਤਿਆਂ ਦੇ ਫੋਰੈਂਸਿਕ ਆਡਿਟ ਦਾ ਅਧਿਕਾਰ ਦਿੱਤਾ ਹੈ, ਜੋ ਸਿਰਫ਼ ਕਾਗਜ਼ੀ ਨਿਰਦੇਸ਼ਾਂ ਦੀ ਬਜਾਏ ਅਸਲ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਏਗਾ।ਪ੍ਰਾਈਵੇਟ ਸਕੂਲ ਹੁਣ ਆਪਣੇ ਪੱਧਰ 'ਤੇ ਸਾਲਾਨਾ 5 ਫੀਸਦੀ ਤੋਂ ਵੱਧ ਫ਼ੀਸ ਨਹੀਂ ਵਧਾ ਸਕਦੇ। ਇਸ ਤੋਂ ਵੱਧ ਫ਼ੀਸ ਵਾਧੇ ਲਈ ਜ਼ਿਲ੍ਹਾ ਰੈਗੂਲੇਟਰੀ ਬਾਡੀ ਤੋਂ ਪੂਰਵ ਲਿਖਤੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ, ਜੋ ਸਕੂਲ ਦੇ ਵਿੱਤੀ ਰਿਕਾਰਡ ਦੀ ਜਾਂਚ ਤੋਂ ਬਾਅਦ ਹੀ ਦਿੱਤੀ ਜਾਵੇਗੀ। ਜੇਕਰ ਪਿਛਲੇ ਤਿੰਨ ਸਾਲਾਂ ਦੌਰਾਨ ਕਿਸੇ ਸਕੂਲ ਦਾ ਕੁੱਲ ਫ਼ੀਸ ਵਾਧਾ 15 ਫੀਸਦ ਤੋਂ ਵੱਧ ਰਿਹਾ ਹੈ ਤਾਂ ਵਾਧੂ ਵਸੂਲੀ ਗਈ ਰਾਸ਼ੀ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਾਪਸ ਕਰਨੀ ਹੋਵੇਗੀ, ਜਿਸ ਵਿੱਚ ਕੋਈ ਛੋਟ ਨਹੀਂ ਹੋਵੇਗੀ। ਫ਼ੀਸ ਵਾਧੇ ਦੀ ਸੀਮਾ ਦੀ ਗਣਨਾ ਦੇ ਸਮੇਂ ਸਾਰੇ ਲਾਜ਼ਮੀ ਚਾਰਜਾਂ ਨੂੰ ਇਕੱਠਾ ਜੋੜਿਆ ਜਾਵੇਗਾ, ਤਾਂ ਜੋ ਸਕੂਲ ਵੱਖ-ਵੱਖ ਮੱਦਾਂ ਹੇਠ ਫ਼ੀਸਾਂ ਨੂੰ ਵੰਡ ਕੇ ਨਿਰਧਾਰਤ ਸੀਮਾ ਤੋਂ ਪਰ੍ਹੇ ਨਾ ਜਾ ਸਕਣ। ਇਹ ਕਾਨੂੰਨ ਕਿਸੇ ਵੀ ਰੂਪ ਵਿੱਚ ਮੁਨਾਫ਼ਾਖੋਰੀ ਅਤੇ ਕੈਪੀਟੇਸ਼ਨ ਫ਼ੀਸ 'ਤੇ ਵੀ ਪੂਰੀ ਤਰ੍ਹਾਂ ਰੋਕ ਲਗਾਉਂਦਾ ਹੈ।ਇਸ ਦੇ ਸਖ਼ਤੀ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਹਰੇਕ ਜ਼ਿਲ੍ਹੇ ਵਿੱਚ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਇੱਕ ਜ਼ਿਲ੍ਹਾ ਰੈਗੂਲੇਟਰੀ ਬਾਡੀ ਦਾ ਗਠਨ ਕੀਤਾ ਗਿਆ ਹੈ। ਹਰੇਕ ਪ੍ਰਾਈਵੇਟ ਸਕੂਲ ਲਈ ਨਿਰਧਾਰਤ ਸਮੇਂ ਦੇ ਅੰਦਰ ਸਿੱਖਿਆ ਵਿਭਾਗ ਦੇ ਆਨਲਾਈਨ ਪੋਰਟਲ 'ਤੇ ਪਿਛਲੇ ਚਾਰ ਸਾਲਾਂ ਦੇ ਫ਼ੀਸ ਰਿਕਾਰਡ ਅਪਲੋਡ ਕਰਨਾ ਲਾਜ਼ਮੀ ਹੈ।

• ਬਾਕੀ ਸਫਾ 2 'ਤੇ

ਈਥਾਨੌਲ ਦੀ ਮਿਲਾਵਟ ਨਾਲ ਸਸਤਾ ਮਿਲਦਾ ਹੈ ਪੈਟਰੋਲ : ਕੇਂਦਰ

ਚੰਡੀਗੜ੍ਹ : ਈ-20 ਤੇਲ ਨੂੰ ਲੈ ਕੇ ਹੋ ਰਹੀ ਆਲੋਚਨਾ ਦੇ ਵਿਚਕਾਰ ਆਪਣੇ ਈਥਾਨੌਲ ਮਿਸ਼ਰਣ ਪ੍ਰੋਗਰਾਮ ਦਾ ਬਚਾਅ ਕਰਦਿਆਂ ਕੇਂਦਰ ਨੇ ਕਿਹਾ ਕਿ ਜਦੋਂ ਗਲੋਬਲ ਕੱਚੇ ਤੇਲ ਦੀਆਂ ਕੀਮਤਾਂ 135 ਡਾਲਰ ਪ੍ਰਤੀ ਬੈਰਲ ਤੱਕ ਵਧ ਗਈਆਂ ਸਨ, ਤਾਂ ਦਿੱਲੀ ਵਿੱਚ ਪੈਟਰੋਲ ਦੀਆਂ ਕੀਮਤਾਂ 125 ਰੁਪਏ ਪ੍ਰਤੀ ਲੀਟਰ ਤੱਕ ਪਹੁੰਚ ਜਾਂਦੀਆਂ, ਜੇ ਤੇਲ ਮਾਰਕੀਟਿੰਗ ਕੰਪਨੀਆਂ ਨੇ ਪੈਟਰੋਲ ਵਿੱਚ ਈਥਾਨੌਲ ਨਾ ਮਿਲਾਇਆ ਹੁੰਦਾ। 'ਦ ਟਾਈਮਜ਼ ਆਫ਼ ਇੰਡੀਆ' ਦੀ ਇੱਕ ਰਿਪੋਰਟ ਅਨੁਸਾਰ ਪੈਟਰੋਲੀਅਮ ਮੰ

ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਬੂਟੇ ਵੰਡੇ

ਮੂਨਕ (ਰਾਜਪਾਲ ਸਿੰਗਲਾ)-ਸ੍ਰੀ ਗੁਰੂ ਰਵਿਦਾਸ ਮੰਦਰ ਸਲੇਮਗੜ੍ਹ (ਮੂਨਕ) ਵਿੱਚ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮੰਦਰ ਵਿੱਚ ਬੂਟੇ ਵੰਡੇ ਗਏ।ਗੁਰੂ ਰਵਿਦਾਸ ਦੇ ਦੱਸੇ ਮਾਰਗ ਅਨੁਸਾਰ ਕੁਦਰਤ ਨੂੰ ਹਰੇ ਭਰੇ ਰੱਖਣ ਦਾ ਸੰਦੇਸ਼ ਲੋਕਾਂ ਨੇ ਪ੍ਰਾਪਤ ਕਰਦੇ ਹੋਏ ਬੂਟੇ ਲਏ ਤੇ ਆਪਣੇ ਘਰਾਂ ਵਿਚ ਲਾਉਣ ਤੇ ਪਾਲਣ ਦਾ ਅਹਿਦ ਲਿਆ। ਇਸ ਮੌਕੇ ਸੇਵਾਦਾਰ ਰਾਜਵੀਰ ਸਿੰਘ ਰਾਜੂ, ਜਗਸੀਰ ਸਿੰਘ, ਸਤਪਾਲ ਸਿੰਘ, ਪੰਜਾਬ ਦੇ ਸੀਨੀਅਰ ਆਗੂ ਗਿਆਨ ਚੰਦ ਬੀ ਜੇ ਪੀ, ਪ੍ਰਵੀਨ ਸ਼ਰਮਾ ਮੂਨਕ, ਗੁਰਸੇਵਕ ਸਿੰਘ, ਨਵੀਂ ਸਿੰਘ, ਲਾਡੀ ਸਿੰਘ ਸਮੇਤ ਸਮੂਹ ਸੰਗਤ ਹਾਜ਼ਰ ਸੀ।

ਵਿਜੇ ਦਾਨਵ ਦੇ ਫਲੈਕਸਾਂ ਨੇ ਛੇੜੀ ਨਵੀਂ ਚਰਚਾ

ਜਗਰਾਉਂ (ਸੰਜੀਵ ਅਰੋੜਾ)-ਪੰਜਾਬ ਵਿਕਾਸ ਬੋਰਡ ਦੇ ਚੇਅਰਮੈਨ ਵਿਜੇ ਦਾਨਵ ਦੀਆਂ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਲੱਗੀਆਂ ਵੱਡ-ਅਕਾਰੀ ਫਲੈਕਸਾਂ ਤੇ ਉਨ੍ਹਾਂ ਦੀਆਂ ਲਗਾਤਾਰ ਵਧ ਰਹੀਆਂ ਸਿਆਸੀ ਸਰਗਰਮੀਆਂ ਨੇ ਰਾਜਨੀਤਿਕ ਗਲਿਆਰਿਆਂ ਵਿੱਚ ਵੱਡਾ ਤੂਫ਼ਾਨ ਖੜਾ ਕਰ ਦਿੱਤਾ ਹੈ। ਜਗਰਾਉਂ ਦੇ ਪ੍ਰਮੁੱਖ ਚੌਂਕਾਂ ਅਤੇ ਮੁੱਖ ਮਾਰਗਾਂ 'ਤੇ ਲੱਗੇ ਬੋਰਡਾਂ ਨੇ ਲੋਕਾਂ ਅਤੇ ਸਿਆਸੀ ਮਾਹਰਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਚੇਅਰਮੈਨ ਵਿਜੇ ਦਾਨਵ ਵੱਲੋਂ ਇਲਾਕੇ ਵਿੱਚ ਲਗਾਤਾਰ ਕੀਤੇ ਜਾ ਰਹੇ ਦੌਰਿਆਂ ਨੇ ਨਵੇਂ ਸਿਆਸੀ ਸਮੀਕਰਨਾਂ ਵੱਲ ਇਸ਼ਾਰਾ ਕਰ ਦਿੱਤਾ ਹੈ। ਹਾਲਾਂਕਿ ਇਨ੍ਹਾਂ ਚਰਚਾਵਾਂ ਅਤੇ ਅਟਕਲਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਵੱਲੋਂ ਹਾਲੇ ਤੱਕ ਕੋਈ ਅਧਿਕਾਰਤ ਐਲਾਨ ਜਾਂ ਪੁਸ਼ਟੀ ਨਹੀਂ ਕੀਤੀ ਗਈ ਹੈ, ਪਰ ਸਥਾਨਕ ਨੇਤਾਵਾਂ ਅਤੇ ਵਿਰੋਧੀ ਧਿਰਾਂ ਵਿੱਚ ਇਸ ਹਲਚਲ ਨੂੰ ਲੈ ਕੇ ਚਰਚਾਵਾਂ ਦਾ ਬਾਜ਼ਾਰ ਪੂਰੀ ਤਰ੍ਹਾਂ ਗਰਮ ਹੈ। ਕੀ 2027 ਵਿੱਚ ਆਮ ਆਦਮੀ ਪਾਰਟੀ ਜਗਰਾਉਂ ਤੋਂ ਆਪਣਾ ਉਮੀਦਵਾਰ ਬਦਲੇਗੀ ? ਇਸ ਸਵਾਲ ਦਾ ਜਵਾਬ ਤਾਂ ਆਉਣ ਵਾਲਾ ਸਮਾਂ ਹੀ ਦੇਵੇਗਾ, ਪਰ ਫਿਲਹਾਲ ਵਿਜੇ ਦਾਨਵ ਦੇ ਇਨ੍ਹਾਂ ਫਲੈਕਸਾਂ ਨੇ ਜਗਰਾਉਂ ਦੀ ਸਿਆਸਤ ਵਿੱਚ ਨਵੀਂ ਹਲਚਲ ਜ਼ਰੂਰ ਪੈਦਾ ਕਰ ਦਿੱਤੀ ਹੈ। ਰਾਜਨੀਤਕ ਜਾਣਕਾਰਾਂ ਦਾ ਕਹਿਣਾ ਹੈ ਕਿ ਵਿਜੇ ਦਾਨਵ ਦੀਆਂ ਵਧੀਆਂ ਸਰਗਰਮੀਆਂ ਅਤੇ ਜਨਤਕ ਪੱਧਰ 'ਤੇ ਉਨ੍ਹਾਂ ਦੀ ਮੌਜੂਦਗੀ ਕਾਰਨ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਉਹ ਭਵਿੱਖ ਵਿੱਚ ਹਲਕਾ ਜਗਰਾਉਂ ਤੋਂ ਆਮ ਆਦਮੀ ਪਾਰਟੀ ਦੇ ਸੰਭਾਵੀ ਉਮੀਦਵਾਰ ਹੋ ਸਕਦੇ ਹਨ। ਕੁਝ ਵਿਸ਼ਲੇਸ਼ਕ ਇਹ ਵੀ ਮੰਨਦੇ ਹਨ ਕਿ ਪਾਰਟੀ ਮੌਜੂਦਾ ਵਿਧਾਇਕ ਬੀਬੀ ਸਰਬਜੀਤ ਕੌਰ ਮਾਣੂਕੇ ਨੂੰ ਕਿਸੇ ਹੋਰ ਹਲਕੇ ਤੋਂ ਚੋਣ ਲੜਾਉਣ ਬਾਰੇ ਵੀ ਵਿਚਾਰ ਕਰ ਸਕਦੀ ਹੈ। ਹਾਲਾਂਕਿ ਇਸ ਸਬੰਧੀ ਵੀ ਕੋਈ ਅਧਿਕਾਰਕ ਜਾਣਕਾਰੀ ਉਪਲਬਧ ਨਹੀਂ ਹੈ।

ਊਧਮ ਸਿੰਘ ਦੀ ਸ਼ਹੀਦੀ ਨੂੰ ਸਮਰਪਤ ਛਾਂਦਾਰ ਪੌਦੇ ਲਗਾਏ

ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)-ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਨੂੰ ਸਮਰਪਤ ਲਾਇਨਜ਼ ਕਲੱਬ ਰਾਏਕੋਟ ਵੱਲੋਂ ਟਾਹਲੀਆਣਾ ਸਾਹਿਬ ਗਰਾਊਂਡ ਵਿੱਚ 31 ਛਾਂਦਾਰ ਪੌਦੇ ਲਗਾ ਕੇ ਵਾਤਾਵਰਨ ਸੰਭਾਲ ਦਾ ਸੁਨੇਹਾ ਦਿੱਤਾ ਗਿਆ।ਇਸ ਮੌਕੇ ਕਲੱਬ ਦੇ ਪ੍ਰਧਾਨ ਗੁਲਸ਼ਨ ਮਿੱਤਲ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾਂ ਦਾ ਜੀਵਨ ਦੇਸ਼ ਦੇ ਨੌਜਵਾਨਾਂ ਲਈ ਹਮੇਸ਼ਾ ਪ੍ਰੇਰਣਾ ਸਰੋਤ ਰਹੇਗਾ।ਉਨ੍ਹਾਂ ਕਿਹਾ ਕਿ ਪੌਦਾਰੋਪਣ ਲਈ ਟਾਹਲੀਆਣਾ ਸਾਹਿਬ ਗਰਾਊਂਡ ਦੀ ਚੋਣ ਇਸ ਲਈ ਕੀਤੀ ਗਈ ਹੈ, ਕਿਉਂਕਿ ਇੱਥੇ ਵੱਡੀ ਗਿਣਤੀ ਵਿੱਚ ਨੌਜਵਾਨ ਖੇਡਾਂ ਤੇ ਕਸਰਤ ਲਈ ਆਉਂਦੇ ਹਨ।ਆਉਣ ਵਾਲੇ ਸਮੇਂ ਵਿੱਚ ਇਹ ਪੌਦੇ ਵੱਡੇ ਹੋ ਕੇ ਉਨ੍ਹਾਂ ਨੂੰ ਛਾਂ ਪ੍ਰਦਾਨ ਕਰਨਗੇ ਤੇ ਵਾਤਾਵਰਨ ਨੂੰ ਵੀ ਹਰਿਆ-ਭਰਿਆ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।ਗੁਲਸ਼ਨ ਮਿੱਤਲ ਨੇ ਦੱਸਿਆ ਕਿ ਲਾਇਨਜ਼ ਕਲੱਬ ਨੇ ਸਾਵਣ ਮਹੀਨੇ ਦੌਰਾਨ ਵੱਧ ਤੋਂ ਵੱਧ ਪੌਦਾਰੋਪਣ ਕਰਨ ਦਾ ਸੰਕਲਪ ਲਿਆ ਹੈ ਤਾਂ ਜੋ ਸ਼ਹਿਰ ਨੂੰ ਹਰਿਆ-ਭਰਿਆ ਤੇ ਪ੍ਰਦੂਸ਼ਣ-ਮੁਕਤ ਬਣਾਇਆ ਜਾ ਸਕੇ।ਇਸ ਮੌਕੇ ਸਕੱਤਰ ਦਿਨੇਸ਼ ਖੁਰਮੀ, ਖ਼ਜ਼ਾਨਚੀ ਰਮੇਸ਼ ਗਰਗ, ਵਿਕਰਮਜੀਤ ਬਾਂਸਲ, ਅਨਿਲ ਅਗਰਵਾਲ, ਸੁਸ਼ੀਲ ਕੁਮਾਰ, ਕਪਿਲ ਗਰਗ, ਦੀਪਕ ਬਾਂਸਲ, ਮੁਕੇਸ਼ ਗੁਪਤਾ, ਵਿਨੋਦ ਜੈਨ ਰਾਜੂ, ਕੇ. ਕੇ. ਸ਼ਰਮਾ, ਅਨਿਲ ਅਗਰਵਾਲ ਤੇ ਮਦਨ ਲਾਲ ਸਮੇਤ ਕਲੱਬ ਦੇ ਹੋਰ ਮੈਂਬਰ ਹਾਜ਼ਰ ਸਨ।

ਮੌਲਾਨਾ ਹੁਸੈਨ ਅਹਿਮਦ ਮੁਸਲਿਮ ਸੰਗਠਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ

ਮੋਗਾ (ਇਕਬਾਲ ਸਿੰਘ ਖਹਿਰਾ)-ਮੁਸਲਿਮ ਸੰਗਠਨ ਪੰਜਾਬ ਦੀ ਇੱਕ ਮਹੱਤਵਪੂਰਨ ਮੀਟਿੰਗ ਹੋਈ, ਜਿੱਥੇ ਸੰਗਠਨ ਨੂੰ ਮਜ਼ਬੂਤ, ਵਧੇਰੇ ਸਰਗਰਮ ਤੇ ਲੋਕਾਂ ਵਿੱਚ ਵਧੇਰੇ ਪ੍ਰਭਾਵਸ਼ਾਲੀ ਬਣਾਉਣ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।ਸੰਗਠਨ ਨਾਲ ਸਮਰੱਥ, ਇਮਾਨਦਾਰ ਤੇ ਸੇਵਾ ਭਾਵਨਾ ਵਾਲੇ ਵਿਅਕਤੀਆਂ ਨੂੰ ਜੋੜਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ, ਤਾਂ ਜੋ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਮੂਹਕ ਯਤਨਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ।ਮੀਟਿੰਗ ਦੌਰਾਨ ਮੁਸਲਿਮ ਸੰਗਠਨ ਪੰਜਾਬ ਦੇ ਜਨਰਲ ਸਕੱਤਰ, ਮੁਹੰਮਦ ਮਜ਼ਹਰ ਆਲਮ ਮਜ਼ਹਿਰੀ ਨੇ ਜ਼ਿਲ੍ਹਾ ਮੋਗਾ ਦੇ ਸਾਬਕਾ ਪਟਵਾਰੀ ਮੌਲਾਨਾ ਹੁਸੈਨ ਅਹਿਮਦ ਮਸੀਤਾਂ ਦਾ ਨਾਮ ਜ਼ਿਲ੍ਹਾ ਮੋਗਾ ਪ੍ਰਧਾਨ ਦੇ ਅਹੁਦੇ ਲਈ ਪ੍ਰਸਤਾਵਿਤ ਕੀਤਾ, ਜਿਸ ਨੂੰ ਹਾਜ਼ਰ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ।ਇਸ ਤੋਂ ਬਾਅਦ, ਮੌਲਾਨਾ ਹੁਸੈਨ ਅਹਿਮਦ ਨੂੰ ਮੁਸਲਿਮ ਸੰਗਠਨ ਪੰਜਾਬ ਦਾ ਜ਼ਿਲ੍ਹਾ ਮੋਗਾ ਪ੍ਰਧਾਨ ਨਿਯੁਕਤ ਕੀਤਾ ਗਿਆ।ਐਡਵੋਕੇਟ ਨਈਮ ਖਾਨ ਤੇ ਜਨਰਲ ਸਕੱਤਰ ਮੁਹੰਮਦ ਮਜ਼ਹਰ ਆਲਮ ਮਜ਼ਾਹਿਰੀ ਨੇ ਰਸਮੀ ਤੌਰ 'ਤੇ ਨਵੇਂ ਨਿਯੁਕਤ ਜ਼ਿਲ੍ਹਾ ਪ੍ਰਧਾਨ ਮੌਲਾਨਾ ਹੁਸੈਨ ਅਹਿਮਦ ਨੂੰ ਨਿਯੁਕਤੀ ਪੱਤਰ ਸੌਂਪਿਆ।ਆਪਣੇ ਸੰਬੋਧਨ ਵਿੱਚ ਮੌਲਾਨਾ ਹੁਸੈਨ ਅਹਿਮਦ ਨੇ ਸੰਗਠਨ ਦੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਇਸ ਮਹੱਤਵਪੂਰਨ ਜ਼ਿੰਮੇਵਾਰੀ ਵਿੱਚ ਸੰਗਠਨ ਵੱਲੋਂ ਉਨ੍ਹਾਂ 'ਤੇ ਰੱਖੇ ਗਏ ਭਰੋਸੇ ਨੂੰ ਪੂਰੀ ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਪੂਰਾ ਕਰਨ ਦੀ ਕੋਸ਼ਿਸ਼ ਕਰਨਗੇ।ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹੇ ਭਰ ਵਿੱਚ ਸੰਗਠਨ ਨੂੰ ਮਜ਼ਬੂਤ ਕਰਨ ਤੇ ਭਾਈਚਾਰੇ ਦੀ ਸੇਵਾ ਕਰਨ ਲਈ ਤਨਦੇਹੀ ਨਾਲ ਕੰਮ ਕਰਨਗੇ।

ਅੰਧ-ਵਿਸ਼ਵਾਸ ਦੀ ਭੇਟ ਚੜ੍ਹ ਰਿਹੈ ਨਹਿਰੀ ਪਾਣੀ !

ਬਰੇਟਾ (ਗੀਤਵਾਲ)-ਇਲਾਕੇ ਵਿੱਚ ਪਿਛਲੇ ਕੁਝ ਸਮੇਂ ਤੋਂ ਅੰਧ ਵਿਸ਼ਵਾਸ ਵਿੱਚ ਗ੍ਰਸਤ ਲੋਕਾਂ ਵੱਲੋਂ ਧਾਰਮਿਕ ਰਸਮਾਂ ਤੇ ਪੂਜਾ-ਪਾਠ ਦੇ ਨਾਂ 'ਤੇ ਨਹਿਰਾਂ ਦੇ ਪਾਣੀ ਵਿੱਚ ਸਮੱਗਰੀ, ਮੂਰਤੀਆਂ, ਫੁੱਲ-ਮਾਲਾਵਾਂ, ਪਲਾਸਟਿਕ ਤੇ ਹੋਰ ਸਾਮਾਨ ਸੁੱਟਿਆ ਜਾ ਰਿਹਾ ਹੈ, ਜਿਸ ਕਾਰਨ ਨਹਿਰੀ ਪਾਣੀ ਦੂਸ਼ਿਤ ਹੋ ਰਿਹਾ ਹੈ।ਇਸ ਨਾਲ ਨਾ ਸਿਰਫ਼ ਵਾਤਾਵਰਣ ਨੂੰ ਨੁਕਸਾਨ ਪਹੁੰਚ ਰਿਹਾ ਹੈ, ਸਗੋਂ ਖੇਤੀਬਾੜੀ ਤੇ ਪੀਣ ਵਾਲੇ ਪਾਣੀ ਦੀ ਸ਼ੁੱਧਤਾ ਉੱਪਰ ਵੀ ਗੰਭੀਰ ਪ੍ਰਭਾਵ ਪੈ ਰਿਹਾ ਹੈ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਕੁਝ ਲੋਕ ਬਿਨਾਂ ਸੋਚੇ-ਸਮਝੇ ਪੁਰਾਣੇ ਵਿਸ਼ਵਾਸਾਂ ਤੇ ਟੂਣੇ-ਟੋਟਕਿਆਂ ਦੇ ਚੱਕਰ ਵਿੱਚ ਆ ਕੇ ਨਹਿਰਾਂ ਦੇ ਕੰਢੇ ਅਜਿਹੀਆਂ ਗਤੀਵਿਧੀਆਂ ਕਰਦੇ ਹਨ, ਜਿਸ ਨਾਲ ਪਾਣੀ ਦੀ ਗੁਣਵੱਤਾ ਲਗਾਤਾਰ ਵਿਗੜਦੀ ਜਾ ਰਹੀ ਹੈ।ਵਾਤਾਵਰਣ ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਸ ਰੁਝਾਨ ਨੂੰ ਸਮੇਂ ਸਿਰ ਨਾ ਰੋਕਿਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਵਿੱਚ ਵਾਧਾ ਹੋ ਸਕਦਾ ਹੈ। ਸਮਾਜ ਸੇਵੀ ਜਥੇਬੰਦੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਧਾਰਮਿਕ ਆਸਥਾ ਤੇ ਵਾਤਾਵਰਣ ਦੀ ਸੰਭਾਲ ਦੋਵਾਂ ਵਿੱਚ ਸੰਤੁਲਨ ਬਣਾਈ ਰੱਖਿਆ ਜਾਵੇ ਤੇ ਨਹਿਰਾਂ, ਦਰਿਆਵਾਂ ਵਿੱਚ ਕੋਈ ਵੀ ਪ੍ਰਦੂਸ਼ਣ ਫੈਲਾਉਣ ਵਾਲੀ ਸਮੱਗਰੀ ਨਾ ਸੁੱਟੀ ਜਾਵੇ।

ਸ਼ਹੀਦੀ ਦਿਹਾੜੇ ਨੂੰ ਸਮਰਪਤ ਨਾਟਕ ਮੇਲਾ ਕਰਵਾਇਆ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਕੌਮੀ ਸ਼ਹੀਦ ਦਾ ਦਰਜਾ ਦੇ ਕੇ ਭਾਰਤ ਰਤਨ ਦੇਣ ਤੇ ਹੋਰ ਆਜ਼ਾਦੀ ਘੁਲਾਟੀਆਂ ਨੂੰ ਕੌਮੀ ਸ਼ਹੀਦ ਦਾ ਦਰਜਾ ਦਿਵਾਉਣ ਲਈ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਭਗਵੰਤ ਸਿੰਘ ਘੱਗਾ ਨੇ ਆਪਣੀ ਮੁਹਿਮ ਨੂੰ ਤੇਜ਼ ਕਰਦਿਆਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ 'ਤੇ ਪ੍ਰਾਚੀਨ ਨੈਣਾਂ ਦੇਵੀ ਮੰਦਰ (ਬਗੀਚੀ ਵਾਲਾ ਮੰਦਰ) ਘੱਗਾ ਵਿੱਚ ਨਾਟਕ ਮੇਲਾ ਕਰਵਾਇਆ।ਇਸ ਦੌਰਾਨ ਪ੍ਰਗਤੀ ਕਲਾ ਕੇਂਦਰ ਲਾਬੜਾਂ (ਜਲੰਧਰ) ਵੱਲੋਂ ਸ੍ਰੀ ਰਾਣਾ ਸੋਢੀ ਦੀ ਟੀਮ ਨੇ ਇਨਕਲਾਬੀ ਨਾਟਕਾਂ ਦਾ ਸਫਲ ਮੰਚਨ ਕੀਤਾ ਗਿਆ।ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕਰਨ ਉਪਰੰਤ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਭਗਵੰਤ ਸਿੰਘ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਂਅ 'ਤੇ ਪੰਜਾਬੀਆਂ ਨੂੰ ਵਰਗਲਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਖੁਦ ਭਗਤ ਸਿੰਘ ਤੇ ਹੋਰ ਦੇਸ਼ ਭਗਤਾਂ ਨੂੰ ਕੌਮੀ ਸ਼ਹੀਦ ਮੰਨਣ ਲਈ ਤਿਆਰ ਨਹੀਂ।ਮੁੱਖ ਮੰਤਰੀ ਭਗਵਾਨ ਮਾਨ ਤਾਂ ਇਸ ਸਬੰਧੀ ਬਿੱਲ ਲੈ ਕੇ ਆਉਣ ਲਈ ਵੀ ਅਮਿਤ ਸ਼ਾਹ ਦੀ ਮਨਜ਼ੂਰੀ ਲੈਣ ਦੀ ਗੱਲ ਕਰਦੇ ਹਨ।ਇਸ ਸਬੰਧੀ ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਰਾਸ਼ਟਰੀ ਸ਼ਹੀਦ ਦਾ ਦਰਜਾ ਦੇ ਕੇ ਭਾਰਤ ਰਤਨ ਦੇਣ ਤੇ ਹੋਰ ਆਜ਼ਾਦੀ ਘੁਲਾਟੀਆਂ ਨੂੰ ਰਾਸ਼ਟਰੀ ਸ਼ਹੀਦ ਦਾ ਦਰਜਾ ਦੇਣ ਤੋਂ ਆਨਾਕਾਨੀ ਕੀਤੀ ਤਾਂ ਇਸ ਸਬੰਧੀ ਵੱਡਾ ਸੰਘਰਸ਼ ਉਲੀਕਿਆ ਜਾਵੇਗਾ।ਮੰਚ ਸੰਚਾਲਕ ਦੀ ਭੂਮਿਕਾ ਅਮਨਪ੍ਰੀਤ ਸਿੰਘ ਕਕਰਾਲਾ ਨੇ ਨਿਭਾਈ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦੇ ਆਗੂ ਅਮਰਿੰਦਰ ਸਿੰਘ ਘੱਗਾ, ਹਰਜੀਤ ਸਿੰਘ ਭੂਤਗੜ, ਬਾਬਾ ਸੁਖਵਿੰਦਰ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸਿੰਘ ਸਭਾ ਘੱਗਾ, ਅਮਨਦੀਪ ਸਿੰਘ ਘੱਗਾ, ਦਵਿੰਦਰ ਸਿੰਘ ਖੱਤਰੀ ਵਾਲਾ, ਦਰਸ਼ਨ ਸਿੰਘ ਸਿੱਧੂ, ਲਾਲੀ ਸਿੰਘ, ਅਮਨਪ੍ਰੀਤ ਸਿੰਘ ਕਕਰਾਲਾ ਮੌਜੂਦ ਸਨ।

10 ਨੂੰ ਡੀ ਸੀ ਦਫਤਰਾਂ ਅੱਗੇ ਦਿੱਤੇ ਜਾਣਗੇ ਧਰਨੇ : ਨਿਰਭੈ ਢੁੱਡੀਕੇ

ਮੋਗਾ (ਇਕਬਾਲ ਸਿੰਘ ਖਹਿਰਾ)-ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਕਮੇਟੀ ਮੋਗੇ ਦੀ ਮੀਟਿੰਗ ਕੀਤੀ ਗਈ।ਇਹ ਮੀਟਿੰਗ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਤੇ ਸੂਬਾ ਕਮੇਟੀ ਮੈਂਬਰ ਚਮਕੌਰ ਸਿੰਘ ਰੋਡੇ ਨੇ ਵਿਸ਼ੇਸ਼ ਸ਼ਿਰਕਤ ਕੀਤੀ ਤੇ ਉਨ੍ਹਾਂ ਨੇ ਦੱਸਿਆ ਕਿ 15 ਅਗਸਤ ਨੂੰ ਕੌਮੀ ਇਨਸਾਫ਼ ਮੋਰਚੇ ਵੱਲੋਂ ਗਵਰਨਰ ਹਾਊਸ ਵੱਲ ਮਾਰਚ ਕੀਤਾ ਜਾਵੇਗਾ, ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਬੰਦੀ ਸਿੰਘ ਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਪੱਕਾ ਮੋਰਚਾ ਚੱਲ ਰਿਹਾ ਹੈ, ਜਿਸ ਉੱਪਰ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ, ਜਿਸ ਕਰਕੇ ਸਰਕਾਰ ਦੇ ਖਿਲਾਫ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ ਤੇ ਇਸ ਵਿੱਚ ਕਿਰਤੀ ਕਿਸਾਨ ਯੂਨੀਅਨ ਵੱਲੋਂ ਵੱਧ ਚੜ੍ਹ ਕੇ ਸ਼ਮੂਲੀਅਤ ਕਰੇਗੀ।ਇਸ ਦੇ ਨਾਲ-ਨਾਲ ਸੰਯੁਕਤ ਕਿਸਾਨ ਮੋਰਚੇ ਵੱਲੋਂ 10 ਅਗਸਤ ਨੂੰ ਕਾਰਪੋਰੇਟ ਭਾਰਤ ਛੱਡੋ ਤਹਿਤ ਜ਼ਿਲ੍ਹਾ ਪੱਧਰੀ ਡੀ ਸੀ ਦਫਤਰ ਅੱਗੇ ਧਰਨਾ ਦਿੱਤਾ ਜਾਵੇਗਾ ਤੇ ਕੇਂਦਰ ਸਰਕਾਰ ਦੇ ਨਾਮ ਮੰਗ ਪੱਤਰ ਦਿੱਤਾ ਜਾਵੇਗਾ।ਇਸ ਮੌਕੇ ਜ਼ਿਲ੍ਹਾ ਸਕੱਤਰ ਕੁਲਜੀਤ ਸਿੰਘ ਭੋਲਾ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਪਾਣੀਆਂ ਦੇ ਮੁੱਦੇ 'ਤੇ ਕਿਸਾਨਾਂ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ 1 ਸਤੰਬਰ ਨੂੰ ਮੋਰਚਾ ਲਾਉਣ ਲਈ ਤਿਆਰੀ ਸ਼ੁਰੂ ਕੀਤੀ ਜਾਵੇਗੀ, ਇਸ ਮੋਰਚੇ ਨੂੰ ਕਾਮਯਾਬ ਕਰਨ ਲਈ ਸਾਰੇ ਬਲਾਕਾਂ ਵਿੱਚ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ।ਇਸ ਦੇ ਨਾਲ-ਨਾਲ 8 ਅਗਸਤ ਨੂੰ ਸਾਬਕਾ ਜ਼ਿਲ੍ਹਾ ਪ੍ਰਧਾਨ ਸ਼ਹੀਦ ਸੁਖਮੰਦਰ ਸਿੰਘ ਝੰਡੇਆਣਾ ਦੀ ਬਰਸੀ ਦੇ ਸਬੰਧ ਵਿੱਚ ਉਨ੍ਹਾਂ ਦੇ ਜੱਦੀ ਪਿੰਡ ਵਿੱਚ ਸਮਾਗਮ ਕੀਤਾ ਜਾਵੇਗਾ।ਇਸ ਮੌਕੇ ਜਸਪਾਲ ਸਿੰਘ ਪੁਰਾਣੇਵਾਲਾ, ਸਾਰਜ ਸਿੰਘ ਪੰਡੋਰੀ, ਗੁਰਪ੍ਰੀਤ ਸਿੰਘ ਭੈਣੀ, ਬਲਵਿੰਦਰ ਸਿੰਘ ਧਰਮ ਸਿੰਘ ਵਾਲਾ, ਮੁਖਤਿਆ

20 ਕਿੱਲੋ ਹੈਰੋਇਨ ਬਰਾਮਦ

ਚਵਿੰਡਾ ਦੇਵੀ/ਮਜੀਠਾ (ਖੁਸ਼ਹਾਲ ਸੁੰਦਰ/ਸੋਇਮ ਆਨੰਦ)- ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਨੇ ਨਸ਼ਾ ਤਸਕਰੀ ਦੇ ਇੱਕ ਮਡਿਊਲ ਦਾ ਪਰਦਾਫਾਸ਼ ਕੀਤਾ ਹੈ ਅਤੇ ਇਸਦੇ ਇੱਕ ਕਾਰਕੁਨ ਨੂੰ ਗ੍ਰਿਫ਼ਤਾਰ ਕਰਕੇ 20 ਕਿੱਲੋ

ਹੈਰੋਇਨ ਬਰਾਮਦ ਕੀਤੀ ਹੈ।ਇਹ ਜਾਣਕਾਰੀ ਡੀਜੀਪੀ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਓਮ ਸ਼ਰਮਾ ਪੁੱਤਰ ਪਵਨ ਕੁਮਾਰ ਵਾਸੀ ਅੰਮ੍ਰਿਤਸਰ ਰੋਡ ਝਬਾਲ (ਥਾਣਾ ਝਬਾਲ, ਜ਼ਿਲ੍ਹਾ ਤਰਨਤਾਰਨ) ਵਜੋਂ ਹੋਈ ਹੈ।ਕਾਊਂਟਰ ਇੰਟੈਲੀਜੈਂਸ, ਅੰਮ੍ਰਿਤਸਰ ਨੂੰ ਜਾਣਕਾਰੀ ਮਿਲੀ ਸੀ ਕਿ ਵਿਦੇਸ਼ ਵਿੱਚ ਰਹਿਣ ਵਾਲੇ ਦੋ ਵਿਅਕਤੀ-ਸਪੇਨ ਦਾ ਰਹਿਣ ਵਾਲਾ ਬਾਲ ਅਤੇ ਕਿਸ਼ਨ ਜੰਡਿਆਲਾ-ਪਾਕਿਸਤਾਨ ਸਥਿਤ ਨਸ਼ਾ ਤਸਕਰਾਂ ਨਾਲ ਮਿਲ ਕੇ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਤਸਕਰੀ ਵਿੱਚ ਸਰਗਰਮੀ ਨਾਲ ਸ਼ਾਮਲ ਹਨ।ਮੁਖਬਰ ਨੇ ਇਹ ਵੀ ਖਾਸ ਤੌਰ ਤੇ ਦੱਸਿਆ ਕਿ ਬਾਲ ਦੇ ਨਿਰਦੇਸ਼ਾਂ 'ਤੇ ਕੰਮ ਕਰਦੇ ਹੋਏ ਓਮ ਨੇ ਹਾਲ ਹੀ ਵਿੱਚ ਹੈਰੋਇਨ ਦੀ ਇੱਕ ਵੱਡੀ ਖੇਪ ਪ੍ਰਾਪਤ ਕੀਤੀ ਹੈ ਅਤੇ ਉਹ ਹੌਂਡਾ ਸਿਟੀ ਕਾਰ ਵਿੱਚ ਸੋਹੀਆਂ ਕਲਾਂ, ਥਾਣਾ ਮਜੀਠਾ ਅੰਮ੍ਰਿਤਸਰ ਦੇ ਇਲਾਕੇ ਵਿੱਚ ਆ ਰਿਹਾ ਹੈ ਤਾਂ ਜੋ ਕਿਸ਼ਨ ਦੁਆਰਾ ਭੇਜੀ ਗਈ ਦੂਜੀ ਪਾਰਟੀ ਨੂੰ ਇਹ ਖੇਪ ਅੱਗੇ ਪਹੁੰਚਾ ਸਕੇ।

ਤੁਰੰਤ ਕਾਰਵਾਈ ਕਰਦਿਆਂ ਪੁਲਸ ਨੇ ਛਾਪਾ ਮਾਰਿਆ ਅਤੇ ਉਕਤ ਓਮ ਸ਼ਰਮਾ ਨੂੰ ਦਾਨਾ ਮੰਡੀ, ਸੋਹੀਆਂ ਕਲਾਂ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਨੇੜਿਓਂ ਕਾਬੂ ਕਰ ਲਿਆ।ਤਲਾਸ਼ੀ ਦੌਰਾਨ ਉਸ ਕੋਲੋਂ 20 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ।ਇਸ ਸਬੰਧ ਵਿੱਚ ਪੁਲਸ ਸਟੇਸ਼ਨ ਸਟੇਟ ਸਪੈਸ਼ਲ ਆਪਰੇਸ਼ਨ ਸੈੱਲ ਅੰਮ੍ਰਿਤਸਰ ਵਿਖੇ ਮਾਮਲਾ ਦਰਜ ਕੀਤਾ ਗਿਆ।ਇਸ ਨਸ਼ਾ ਤਸਕਰੀ ਵਿੱਚ ਸ਼ਾਮਲ ਪੂਰੇ ਨੈੱਟਵਰਕ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ।ਜਾਂਚ ਅੱਗੇ ਵਧਣ ਦੇ ਨਾਲ-ਨਾਲ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਵੀ ਸੰਭਾਵਨਾ ਹੈ।

ਟਾਹਲੀ ਸਾਹਿਬ ਤੋਂ ਸੂਰੋ ਪੱਡਾ ਮਹਿਤਾ ਰੋਡ ਤੱਕ ਸੜਕ ਦਾ ਕੰਮ ਸ਼ੁਰੂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਹਲਕਾ ਮਜੀਠਾ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਦਿੰਦਿਆਂ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਪਿੰਡ ਟਾਹਲੀ ਸਾਹਿਬ ਵਾਇਆ ਰਾਮ ਦਿਵਾਲੀ ਮੁਸਲਮਾਨਾਂ, ਭੋਏਵਾਲ, ਚੰਨਣਕੇ ਅਤੇ ਸੂਰੋ ਪੱਡਾ ਤੋਂ ਅੰਮ੍ਰਿਤਸਰ-ਮਹਿਤਾ ਰੋਡ ਤੱਕ ਬਣਨ ਵਾਲੀ 18 ਫੁੱਟ ਚੌੜੀ ਤੇ 10.5 ਕਿਲੋਮੀਟਰ ਲੰਬੀ ਸੜਕ ਦੀ ਉਸਾਰੀ ਦਾ ਉਦਘਾਟਨ ਕੀਤਾ। ਇਸ ਮੌਕੇ ਤਲਬੀਰ ਸਿੰਘ ਗਿੱਲ ਨੇ ਦੱਸਿਆ ਕਿ ਲਗਭਗ 9 ਕਰੋੜ 65 ਲੱਖ ਦੀ ਲਾਗਤ ਨਾਲ ਤਿਆਰ ਹੋਣ ਵਾਲਾ ਇਹ ਮਹੱਤਵਪੂਰਨ ਪ੍ਰੋਜੈਕਟ ਇਲਾਕੇ ਦੇ ਹਜ਼ਾਰਾਂ ਵਸਨੀਕਾਂ ਲਈ ਆਵਾਜਾਈ ਨੂੰ ਹੋਰ ਸੁਖਾਲਾ, ਸੁਰੱਖਿਅਤ ਅਤੇ ਤੇਜ਼ ਬਣਾਵੇਗਾ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਪੇਂਡੂ ਖੇਤਰਾਂ ਦੀ ਆਪਸੀ ਕਨੈਕਟੀਵਿਟੀ ਮਜ਼ਬੂਤ ਹੋਵੇਗੀ, ਵਪਾਰ ਅਤੇ ਖੇਤੀਬਾੜੀ ਨੂੰ ਹੁਲਾਰਾ ਮਿਲੇਗਾ ਅਤੇ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਦਾ ਲਾਭ ਪ੍ਰਾਪਤ ਹੋਵੇਗਾ। ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਮਜੀਠਾ ਹਲਕੇ ਦਾ ਵਿਕਾਸ ਕਰਾਉਣਾ ਮੇਰਾ ਫਰਜ਼ ਹੈ।

ਇਸ ਫਰਜ਼ ਨੂੰ ਪੂਰਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੇਜਰ ਸਿੰਘ ਸਿਆਲਕਾ, ਸਿਕੰਦਰ ਸਿੰਘ ਭੋਏਵਾਲ, ਮਲਕੀਤ ਸਿੰਘ ਬਾਠ ਭੋਏ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਜਗਦੀਪ ਸਿੰਘ ਸਾਧਪੁਰ, ਬਲਜਿੰਦਰ ਸਿੰਘ ਛੀਨਾ ਪੀਏ ਸਮੇਤ ਵੱਡੀ ਗਿਣਤੀ ਵਿੱਚ ਹੋਰ ਆਗੂ ਹਾਜ਼ਰ ਸਨ।

ਪੁਲਸ ਝੂਠੇ ਪਰਚੇ ਦਰਜ ਕਰਨੇ ਬੰਦ ਕਰੇ : ਕਾਮਰੇਡ ਦੁਧਾਲਾ

ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ): ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਬਲਾਕ ਮਜੀਠਾ ਦੇ ਸੈਕਟਰੀ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਪ੍ਰੈੱਸ ਨੂੰ ਇੱਕ ਬਿਆਨ ਜਾਰੀ ਕਰਦਿਆਂ ਮੌਜੂਦਾ ਸਰਕਾਰ ਅਤੇ ਪੁਲਸ ਪ੍ਰਸ਼ਾਸਨ 'ਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਬਦ ਤੋਂ ਬਦਤਰ ਬਣਾਉਣ ਦੇ ਗੰਭੀਰ ਦੋਸ਼ ਲਗਾਏ ਹਨ।ਕਾਮਰੇਡ ਦੁਧਾਲਾ ਨੇ ਆਖਿਆ ਕਿ ਮਜੀਠਾ ਹਲਕੇ ਵਿੱਚ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।ਬਦਲਾਖੋਰੀ ਦੀ ਨੀਤੀ ਤਹਿਤ ਵਿਰੋਧੀ ਧਿਰਾਂ ਦੇ ਲੋਕਾਂ 'ਤੇ ਨਜਾਇਜ਼ ਪਰਚੇ ਦਰਜ ਕੀਤੇ ਜਾ ਰਹੇ ਹਨ।ਨਸ਼ੇ ਵੇਚਣ ਵਾਲਿਆਂ ਨੂੰ ਉਤਸ਼ਾਹਿਤ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਿਆ ਜਾ ਰਿਹਾ ਹੈ।ਬੇਕਸੂਰ ਨੌਜਵਾਨਾਂ ਨੂੰ ਘਰਾਂ ਤੋਂ ਚੁੱਕ ਕੇ ਅਵਾਰਾਗਰਦੀ ਦੇ ਝੂਠੇ ਕੇਸਾਂ ਵਿੱਚ ਫਸਾਇਆ ਜਾ ਰਿਹਾ ਹੈ, ਜਦਕਿ ਰਾਜ ਕਰਦੀ ਪਾਰਟੀ ਦੇ ਆਗੂ ਭਗੌੜਿਆਂ ਨੂੰ ਆਪਣੀ ਛੱਤਰ-ਛਾਇਆ ਹੇਠ ਰੱਖ ਕੇ ਉਨ੍ਹਾਂ ਦੀ ਰਖਵਾਲੀ ਕਰ ਰਹੇ ਹਨ।ਮੌਜੂਦਾ ਸਰਕਾਰ ਲੋਕਤੰਤਰ ਦਾ ਮਜ਼ਾਕ ਉਡਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਹੀ।ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਚੇਤਾਵਨੀ ਦਿੱਤੀ ਕਿ ਜੇਕਰ ਹਲਕਾ ਪੁਲਸ ਨੇ ਆਮ ਲੋਕਾਂ ਪ੍ਰਤੀ ਆਪਣਾ ਰਵੱਈਆ ਨਾ ਬਦਲਿਆ ਤਾਂ ਭਾਰਤੀ ਕਮਿਊਨਿਸਟ ਪਾਰਟੀ ਲੋਕਾਂ ਦੇ ਸਹਿਯੋਗ ਨਾਲ ਡੀਐੱਸਪੀ ਅਤੇ ਐੱਸਐੱਸਪੀ ਦਫ਼ਤਰਾਂ ਅੱਗੇ ਜ਼ੋਰਦਾਰ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗੀ, ਜਿਸ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦੀ ਹੋਵੇਗੀ।ਉਨ੍ਹਾਂ ਮੀਡੀਆ ਜਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਪ੍ਰੈੱਸ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਅਤੇ ਲੋਕਾਂ ਨੂੰ ਮੀਡੀਆ 'ਤੇ ਪੂਰਾ ਮਾਣ ਹੈ।ਇਸ ਲਈ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦੀਆਂ ਹੋ ਰਹੀਆਂ ਜ਼ਿਆਦਤੀਆਂ ਨੂੰ ਜਨਤਾ ਸਾਹਮਣੇ ਉਜਾਗਰ ਕੀਤਾ ਜਾਵੇ ਤਾਂ ਜੋ ਆਮ ਲੋਕਾਂ ਵਿੱਚ ਪਾਏ ਜਾ ਰਹੇ ਸਹਿਮ ਅਤੇ ਡਰ ਦੇ ਮਾਹੌਲ ਨੂੰ ਦੂਰ ਕੀਤਾ ਜਾ ਸਕੇ।

ਮਮਤਾ ਨਿਕੇਤਨ ਸਕੂਲ ਵੱਲੋਂ 70ਵੇਂ ਜ਼ੋਨਲ ਖੇਡ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਮਮਤਾ ਨਿਕੇਤਨ ਸਕੂਲ ਦੇ ਖਿਡਾਰੀਆਂ ਨੇ ਆਪਣੀ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ 70ਵੇਂ ਜ਼ੋਨਲ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਜਿੱਤ ਦਰਜ ਕੀਤੀ ਹੈ।ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ ਵਿੱਚ ਕਰਵਾਏ ਗਏ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਮਮਤਾ ਨਿਕੇਤਨ ਸਕੂਲ ਦੀ ਅੰਡਰ-19 ਟੀਮ ਨੇ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਅਤੇ ਆਪਣੇ ਮਾਤਾ-ਪਿਤਾ ਦਾ ਨਾਂ ਰੌਸ਼ਨ ਕੀਤਾ।ਖਿਡਾਰੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਕੂਲ ਦੇ ਪ੍ਰਿੰ. ਮੈਡਮ ਨੇ ਟੀਮ ਅਤੇ ਖੇਡ ਕੋਚਾਂ ਦੀ ਭਰਪੂਰ ਸ਼ਲਾਘਾ ਕੀਤੀ।ਪ੍ਰਿੰਸੀਪਲ ਮੈਡਮ ਨੇ ਆਪਣੇ ਕਿਹਾ ਕਿ ਸਾਡੇ ਵਿਦਿਆਰਥੀਆਂ ਦੀ ਇਹ ਜਿੱਤ ਅਣਥੱਕ ਮਿਹਨਤ, ਲਗਨ ਅਤੇ ਅਨੁਸ਼ਾਸਨ ਦਾ ਨਤੀਜਾ ਹੈ।ਮੈਨੂੰ ਪੂਰਾ ਯਕੀਨ ਹੈ ਕਿ ਸਾਡੇ ਖਿਡਾਰੀ ਭਵਿੱਖ ਵਿੱਚ ਵੀ ਅਜਿਹੀਆਂ ਹੀ ਪ੍ਰਾਪਤੀਆਂ ਹਾਸਲ ਕਰਕੇ ਸਕੂਲ ਦਾ ਨਾਂ ਬੁਲੰਦੀਆਂ 'ਤੇ ਲੈ ਕੇ ਜਾਣਗੇ।ਇਸ ਮੌਕੇ ਸਕੂਲ ਪ੍ਰਬੰਧਕਾਂ ਅਤੇ ਸਮੂਹ ਸਟਾਫ਼ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਮੀਰੀ-ਪੀਰੀ ਦਿਵਸ ਨੂੰ ਸਮਰਪਿਤ ਦੋ ਦਿਨਾ ਮੈਡੀਕਲ ਕੈਂਪ ਲਗਾਇਆ

ਅੰਮ੍ਰਿਤਸਰ (ਜਗਦੀਸ਼ ਕਮਲੇਸ਼)- ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਬਲਿਕ ਸੀਨੀਅਰ ਸਕੈਂਡਰੀ ਸਕੂਲ ਰਮਦਾਸ ਵਿਖੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ, ਵੱਲਾ ਤੋਂ ਡਾਕਟਰਾਂ ਦੀ ਟੀਮਾਂ (ਮੈਡੀਕਲ ਅਤੇ ਡੈਂਟਲ) ਦੁਆਰਾ ਸਕੂਲ ਵਿਖੇ ਪੜ੍ਹ ਰਹੇ 1000 ਤੋਂ ਉਪਰ ਵਿਦਿਆਰਥੀਆਂ ਦੀ ਸਿਹਤ ਅਤੇ ਦੰਦਾਂ ਦੀ ਜਾਂਚ ਬਹੁਤ ਹੀ ਬਰੀਕੀ ਅਤੇ ਪਿਆਰ ਨਾਲ ਕੀਤੀ ਗਈ। 28 ਤੇ 29 ਅਗਸਤ ਦੋ ਦਿਨ ਲਗਾਤਾਰ ਇਹ ਕੈਂਪ ਚਲਿਆ ਜਿਸ ਵਿੱਚ ਡਾ. ਸੰਧੂ, ਡਾ, ਸੋਨੀਆ, ਡਾ. ਜਸ਼ਨਦੀਪ ਕੌਰ , ਡਾ. ਹਰਮਨਦੀਪ ਕੌਰ, ਡਾ. ਮਹਿਕ, ਡਾ. ਸੁਰਮਪ੍ਰੀਤ ਕੌਰ, ਡਾ. ਇੰਦਰਪ੍ਰੀਤ ਕੌਰ, ਡਾ ਸੁਪਰਨਾ, ਡਾ. ਜਸ਼ਨਦੀਪ ਕੌਰ (ਪੀ.ਜੀ), ਡਾ. ਇੰਦਰਾਪ੍ਰੀਤ ਵਾਲੀਆ, ਡਾ. ਲੀਜ਼ਾ ਤੁਲੀ , ਡਾਕਟਰ ਰਜਤ ਦੁੱਗਲ , ਡਾ. ਪ੍ਰਭਜੋਤ ਕੌਰ, ਹਰੀ ਕ੍ਰਿਸ਼ਨ, ਗੁਰਪ੍ਰੀਤ ਸਿੰਘ, ਮਨਿੰਦਰ ਸਿੰਘ, ਜਗਤਾਰ ਸਿੰਘ ਅਤੇ ਨਰਵਿੰਦਰ ਸਿੰਘ ਵੱਲਾ ਹਸਪਤਾਲ ਤੋਂ ਸ਼ਾਮਲ ਹੋਏ ।ਇਸ ਸਮੁੱਚੀ ਟੀਮ ਅਤੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵੱਲਾ ਦੇ ਉਚ ਅਧਿਕਾਰੀਆਂ, ਐਜੂਕੇਸ਼ਨ ਵਿਭਾਗ ਦੇ ਮੁਖੀ ਅਤੇ ਮਾਣਯੋਗ ਪ੍ਰਧਾਨ ਸਾਹਿਬ ਦਾ ਸਕੂਲ ਪ੍ਰਿੰਸੀਪਲ ਬੀਬੀ ਅਮਨਦੀਪ ਕੌਰ, ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ ।

ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਨਵੇਂ ਸੂਚਨਾ ਤੇ ਸਲਾਹ-ਮਸ਼ਵਰਾ ਕੇਂਦਰ ਦੀ ਸ਼ੁਰੂਆਤ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)- ਵਿਦਿਆਰਥੀਆਂ ਨੂੰ ਗੁਣਵੱਤਾਪੂਰਨ ਸਿੱਖਿਆ ਅਤੇ ਕਰੀਅਰ ਸਬੰਧੀ ਮਾਰਗਦਰਸ਼ਨ ਮੁਹੱਈਆ ਕਰਵਾਉਣ ਦੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਿਆਂ ਪੰਜਾਬ ਸਥਿਤ ਦੇਸ਼ ਭਗਤ ਯੂਨੀਵਰਸਿਟੀ ਨੇ ਬੀਡੀਐੱਸ ਐਜੂਕੇਸ਼ਨਲ ਗਰੁੱਪ, ਸਾਈਂ ਮੰਦਰ ਦੇ ਨੇੜੇ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਸਾਹਮਣੇ, ਅਜਨਾਲਾ ਵਿਖੇ ਆਪਣੇ ਨਵੇਂ ਸੂਚਨਾ ਅਤੇ ਸਲਾਹ-ਮਸ਼ਵਰਾ ਕੇਂਦਰ (ਆਈਸੀਸੀ) ਦਾ ਉਦਘਾਟਨ ਕੀਤਾ।ਇਸ ਮੌਕੇ ਕਰਵਾਏ ਗਏ ਉਦਘਾਟਨੀ ਸਮਾਗਮ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਕੁਲਪਤੀ ਪ੍ਰੋ. (ਡਾ.) ਹਰਸ਼ ਸਦਾਵਰਤੀ ਅਤੇ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਡਾ. ਗੁਰਲਾਲ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਨਵੇਂ ਸਥਾਪਿਤ ਸੂਚਨਾ ਅਤੇ ਸਲਾਹ-ਮਸ਼ਵਰਾ ਕੇਂਦਰ ਦਾ ਉਦੇਸ਼ ਉੱਚ ਸਿੱਖਿਆ, ਦਾਖ਼ਲੇ, ਵਜ਼ੀਫ਼ਿਆਂ, ਕਰੀਅਰ ਯੋਜਨਾਬੰਦੀ, ਹੁਨਰ ਵਿਕਾਸ ਅਤੇ ਰੁਜ਼ਗਾਰ ਦੇ ਮੌਕਿਆਂ ਸਬੰਧੀ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਇੱਕ ਸਮੁੱਚਾ ਸਹੂਲਤ ਕੇਂਦਰ ਵਜੋਂ ਕੰਮ ਕਰਨਾ ਹੈ।ਇਹ ਕੇਂਦਰ ਯੂਨੀਵਰਸਿਟੀ ਦੇ ਵੱਖ-ਵੱਖ ਅਕਾਦਮਿਕ ਪ੍ਰੋਗਰਾਮਾਂ, ਦਾਖ਼ਲਾ ਪ੍ਰਕਿਰਿਆ, ਰੁਜ਼ਗਾਰ-ਮੁਖੀ ਕੋਰਸਾਂ ਅਤੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹਾਇਤਾ ਸੇਵਾਵਾਂ ਬਾਰੇ ਪ੍ਰਮਾਣਿਕ ਜਾਣਕਾਰੀ ਮੁਹੱਈਆ ਕਰਵਾਏਗਾ।ਯੂਨੀਵਰਸਿਟੀ ਦੇ ਕੁਲਪਤੀ ਡਾ. ਜੋਰਾ ਸਿੰਘ ਦੀ ਦੂਰਅੰਦੇਸ਼ੀ ਲੀਡਰਸ਼ਿਪ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਦੇ ਮਾਰਗਦਰਸ਼ਨ ਅਤੇ ਪ੍ਰਧਾਨ ਡਾ. ਸੰਦੀਪ ਸਿੰਘ ਦੀ ਪ੍ਰੇਰਣਾਦਾਇਕ ਸੋਚ ਹੇਠ ਦੇਸ਼ ਭਗਤ ਯੂਨੀਵਰਸਿਟੀ ਲਗਾਤਾਰ ਆਪਣੇ ਜਨ-ਸੰਪਰਕ ਦਾ ਵਿਸਥਾਰ ਕਰ ਰਹੀ ਹੈ, ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀਆਂ ਤੱਕ ਗੁਣਵੱਤਾਪੂਰਨ ਸਿੱਖਿਆ ਨੂੰ ਆਸਾਨੀ ਨਾਲ ਪਹੁੰਚਾਇਆ ਜਾ ਸਕੇ।ਸਮਾਗਮ ਦੌਰਾਨ ਬੀਡੀਐੱਸ ਐਜੂਕੇਸ਼ਨਲ ਗਰੁੱਪ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਵਿਸ਼ਵਾਸ ਪ੍ਰਗਟਾਇਆ ਕਿ ਦੇਸ਼ ਭਗਤ ਯੂਨੀਵਰਸਿਟੀ ਨਾਲ ਇਹ ਸਾਂਝ ਅਜਨਾਲਾ ਅਤੇ ਆਸ-ਪਾਸ ਦੇ ਖੇਤਰਾਂ ਦੇ ਵਿਦਿਆਰਥੀਆਂ ਲਈ ਬਹੁਤ ਲਾਭਕਾਰੀ ਸਾਬਤ ਹੋਵੇਗੀ।ਇਸ ਨਾਲ ਉਨ੍ਹਾਂ ਨੂੰ ਆਪਣੇ ਘਰ ਦੇ ਨੇੜੇ ਹੀ ਭਰੋਸੇਯੋਗ ਸਿੱਖਿਆ ਸਲਾਹ ਅਤੇ ਕਰੀਅਰ ਮਾਰਗਦਰਸ਼ਨ ਦੀ ਸਹੂਲਤ ਮਿਲੇਗੀ।

ਹੈਰੋਇਨ ਸਮੇਤ ਨੌਜਵਾਨ ਕਾਬੂ

ਧਾਰੀਵਾਲ, (ਮਨਦੀਪ ਵਿੱਕੀ)- ਥਾਣਾ ਧਾਰੀਵਾਲ ਦੀ ਪੁਲਸ ਨੇ 50 ਗ੍ਰਾਮ ਹੈਰੋਇਨ ਸਮੇਤ ਇਕ ਨੌਜਵਾਨ ਨੂੰ ਕਾਬੂ ਕਰਕੇ ਉਸ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ। ਇਸ ਸਬੰਧੀ ਥਾਣਾ ਧਾਰੀਵਾਲ ਦੇ ਐੱਸ ਐੱਚ ਓ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਏਐੱਸਆਈ ਸੁਖਦੇਵ ਸਿੰਘ ਨੇ ਸਮੇਤ ਪੁਲਸ ਪਾਰਟੀ ਭੈੜੇ ਪੁਰਸ਼ਾਂ ਦੀ ਤਲਾਸ਼ ਵਿੱਚ ਗਸ਼ਤ ਕਰਦੇ ਸਮੇਂ ਪਿੰਡ ਰਣੀਆਂ ਅੰਡਰਬ੍ਰਿਜ ਜੀ. ਟੀ. ਰੋਡ ਧਾਰੀਵਾਲ ਤੋਂ ਸ਼ੱਕ ਦੇ ਅਧਾਰ 'ਤੇ ਇਕ ਨੌਜਵਾਨ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ ਮਿਲੇ ਮੋਮੀ ਲਿਫਾਫੇ ਵਿੱਚੋਂ 50 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ।

ਮੁਲਜ਼ਮ ਦੀ ਪਛਾਣ ਦੀ ਹਰਮਨ ਉਰਫ ਕਰਨ ਪੁੱਤਰ ਸੁਖਦੇਵ ਸਿੰਘ ਵਾਸੀ ਖੁੰਡਾ ਵਜੋਂ ਹੋਈ। ਪੁਲਸ ਨੇ ਮੁਲਜ਼ਮ ਹਰਮਨ ਉਰਫ ਕਰਨ ਨੂੰ 50 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਕੇਸ ਦਰਜ ਕੀਤਾ ਹੈ।

ਪੰਜਾਬ ਸਰਕਾਰ ਨੇ ਸਫ਼ਾਈ

ਚੰਡੀਗੜ੍ਹ ਰੈਲੀ ਨੂੰ ਸਫ਼ਲ ਬਣਾਉਣ ਲਈ ਅਧਿਆਪਕ ਦਲ ਵੱਲੋਂ ਲਾਮਬੰਦੀ ਤੇਜ਼

ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਅਧਿਆਪਕ ਦਲ ਪੰਜਾਬ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਖਾਲਸਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਸਰਦਾਰ ਤਜਿੰਦਰ ਸਿੰਘ ਰੌਂਤਾ ਦੀ ਪ੍ਰਧਾਨਗੀ ਹੇਠ ਮੋਗਾ ਵਿਖੇ ਹੋਈ।ਮੀਟਿੰਗ ਵਿੱਚ ਅਧਿਆਪਕ ਦਲ ਪੰਜਾਬ ਦੀ ਸੂਬਾ ਕਮੇਟੀ ਵੱਲੋਂ ਸਕੱਤਰ ਜਨਰਲ ਸਰਦਾਰ ਹਰਜੇਟ ਸਿੰਘ ਬੌਂਡੇ ਤੇ ਸੂਬਾ ਜਨਰਲ ਸਕੱਤਰ ਸਰਦਾਰ ਗੁਰਜੀਤ ਸਿੰਘ ਮਾਛੀਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਦੌਰਾਨ 7 ਅਗਸਤ ਨੂੰ ਚੰਡੀਗੜ੍ਹ ਵਿਖੇ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਅਤੇ ਮੁਲਾਜ਼ਮ ਮੰਚ ਪੰਜਾਬ ਵੱਲੋਂ ਕੀਤੀ ਜਾ ਰਹੀ ਵਿਸ਼ਾਲ ਰੈਲੀ ਸਬੰਧੀ ਤਿਆਰੀਆਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ।ਜਥੇਬੰਦੀ ਦੇ ਆਗੂਆਂ ਨੇ ਜ਼ਿਲ੍ਹੇ ਭਰ ਦੇ ਅਧਿਆਪਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਲਈ ਵੱਖ-ਵੱਖ ਖੇਤਰਾਂ ਵਿੱਚ ਲਾਮਬੰਦੀ ਮੁਹਿੰਮ ਚਲਾਉਣ ਅਤੇ ਇਸ ਲਈ ਵਿਸ਼ੇਸ਼ ਡਿਊਟੀਆਂ ਲਗਾਉਣ ਦਾ ਫ਼ੈਸਲਾ ਕੀਤਾ।ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਸਮੂਹ ਮੁਲਾਜ਼ਮਾਂ ਨੂੰ ਬਣਦਾ 18 ਫ਼ੀਸਦੀ ਮਹਿੰਗਾਈ ਭੱਤਾ (ਡੀ.ਏ.) ਜਾਰੀ ਨਾ ਕਰਨ, ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਨਾ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ (ਓ.ਪੀ.ਐਸ.) ਲਾਗੂ ਨਾ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਕਾਰਨ ਮੁਲਾਜ਼ਮ ਵਰਗ ਵਿੱਚ ਭਾਰੀ ਨਿਰਾਸ਼ਾ ਅਤੇ ਰੋਸ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਜਲਦੀ ਪ੍ਰਵਾਨ ਨਾ ਕੀਤੀਆਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਸੰਤ ਨਿਰੰਕਾਰੀ ਸਤਿਸੰਗ ਭਵਨ 'ਚ ਖੂਨਦਾਨ ਕੈਂਪ ਲਾਇਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)-ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦਾ ਸੰਦੇਸ਼ ਹੈ ਕਿ ਆਪਣੇ ਜੀਵਨ ਦਾ ਹਰ ਪਲ ਮਨੁੱਖਤਾ ਦੀ ਸੇਵਾ ਲਈ ਸਮਰਪਤ ਕਰਨਾ ਚਾਹੀਦਾ ਹੈ।ਇਸੇ ਲੜੀ ਤਹਿਤ ਸੰਤ ਨਿਰੰਕਾਰੀ ਸਤਿਸੰਗ ਭਵਨ ਵਿਖੇ 33ਵਾਂ ਖੂਨਦਾਨ ਕੈਂਪ ਲਾਇਆ ਗਿਆ, ਜਿਸ ਵਿੱਚ 82 ਸ਼ਰਧਾਲੂਆਂ ਨੇ ਖੂਨਦਾਨ ਕਰਕੇ ਆਪਣਾ ਬਹਮੁੱਲਾ ਯੋਗਦਾਨ ਪਾਇਆ।ਖੂਨਦਾਨ ਕੈਂਪ ਦਾ ਉਦਘਾਟਨ ਐਨ.ਐਸ.ਗਿੱਲ ਜੋਨਲ ਇੰਚਾਰਜ ਫ਼ਿਰੋਜ਼ਪੁਰ ਤੇ ਧਰਮਪਾਲ ਟੱਕਰ, ਜ਼ੋਨਲ ਇੰਚਾਰਜ ਜੋਨ ਸ਼੍ਰੀ ਗੰਗਾਨਗਰ ਵੱਲੋਂ ਕੀਤਾ ਗਿਆ।ਕਿਰਪਾਲ ਸਿੰਘ ਸੰਯੋਜਕ ਮੁਕਤਸਰ ਨੇ ਸਾਰੇ ਆਏ ਹੋਏ ਮਹਿਮਾਨਾਂ ਤੇ ਖੂਨਦਾਨੀਆਂ ਨੂੰ ਜੀ ਆਇਆ ਨੂੰ ਕਿਹਾ।ਖੇਤਰੀ ਸੰਚਾਲਕ ਰਜਿੰਦਰ ਅਰੋੜਾ ਨੇ ਸਾਰੇ ਆਏ ਹੋਏ ਸੰਤਾਂ ਮਹਾਪੁਰਸ਼ਾਂ, ਮਹਿਮਾਨਾਂ ਤੇ ਖੂਨਦਾਨੀਆਂ ਦਾ ਧੰਨਵਾਦ ਕੀਤਾ।ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਐਮ.ਐਲ.ਏ. ਜਗਦੀਪ ਸਿੰਘ ਕਾਕਾ ਬਰਾੜ ਦੀ ਧਰਮ ਪਤਨੀ ਨਰਿੰਦਰ ਕੌਰ ਤੇ ਸ਼ਹਿਰ ਦੇ ਹੋਰ ਮਸ਼ਹੂਰ ਹਸਤੀਆਂ ਸ਼ਾਮਲ ਹੋਈਆਂ।

ਫ਼ਿਰੋਜ਼ਪੁਰ ਮੰਡਲ ਦੇ ਅੰਮ੍ਰਿਤਸਰ ਤੋਂ ਬਾਂਦਰਾ ਪਹੁੰਚਿਆ 3.9 ਟਨ ਆਲੂ ਬੁਖਾਰਾ, ਵਪਾਰੀਆਂ ਨੂੰ ਮਿਲਿਆ ਵੱਡਾ ਬਾਜ਼ਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਦੀ ਰਹਿਨੁਮਾਈ ਹੇਠ ਫ਼ਿਰੋਜ਼ਪੁਰ ਮੰਡਲ ਨੇ ਜਲਦੀ ਖ਼ਰਾਬ ਹੋਣ ਵਾਲੇ (ਪੈਰੀਸ਼ੇਬਲ) ਫਲਾਂ ਦੀ ਢੋਆ-ਢੁਆਈ ਵਿੱਚ ਇੱਕ ਹੋਰ ਪ੍ਰਾਪਤੀ ਹਾਸਲ ਕੀਤੀ ਹੈ। 29 ਜੁਲਾਈ ਨੂੰ ਟਰੇਨ ਨੰਬਰ 12904 (ਗੋਲਡਨ ਟੈਂਪਲ ਮੇਲ) ਰਾਹੀਂ ਅੰਮ੍ਰਿਤਸਰ ਤੋਂ ਬਾਂਦਰਾ ਟਰਮੀਨਸ ਲਈ 349 ਬਾਕਸ (3.9 ਟਨ) ਆਲੂ ਬੁਖਾਰਾ ਭੇਜੇ ਗਏ। ਇਹ ਆਲੂ ਬੁਖਾਰਾ ਵਪਾਰੀਆਂ ਵਲੋਂ ਜੰਮੂ ਤੋਂ ਲੋਡਿੰਗ ਲਈ ਲਿਆਂਦਾ ਗਿਆ ਸੀ। ਲੋਡਿੰਗ ਤੋਂ ਫ਼ਿਰੋਜ਼ਪੁਰ ਮੰਡਲ ਨੂੰ 29 ਹਜ਼ਾਰ ਰੁਪਏ ਦੀ ਆਮਦਨ ਹੋਈ ਹੈ। ਰੇਲ ਮਾਰਗ ਰਾਹੀਂ ਪੈਰੀਸ਼ੇਬਲ ਫਲਾਂ ਦੀ ਤੇਜ਼, ਸੁਰੱਖਿਅਤ ਅਤੇ ਸਸਤੀ ਢੋਆ-ਢੁਆਈ ਯਕੀਨੀ ਹੋਣ ਨਾਲ ਉਨ੍ਹਾਂ ਦੀ ਗੁਣਵੱਤਾ ਬਰਕਰਾਰ ਰਹਿੰਦੀ ਹੈ ਤੇ ਵਪਾਰੀਆਂ ਤੇ ਕਿਸਾਨਾਂ ਨੂੰ ਲਾਭ ਮਿਲਦਾ ਹੈ। ਹੁਣ ਛੋਟੇ ਵਪਾਰੀ ਵੀ ਵੱਡੇ ਵਪਾਰੀਆਂ ਨਾਲ ਮਿਲ ਕੇ ਆਪਣੇ ਫ਼ਲਾਂ ਦੀ ਖੇਪ ਰੇਲ ਮਾਰਗ ਰਾਹੀਂ ਦੇਸ਼ ਦੇ ਵੱਖ-ਵੱਖ ਬਾਜ਼ਾਰਾਂ ਤੱਕ ਭੇਜ ਰਹੇ ਹਨ। ਇਸ ਨਾਲ ਉਨ੍ਹਾਂ ਨੂੰ ਵੱਡਾ ਬਾਜ਼ਾਰ ਮਿਲਣ ਦੇ ਨਾਲ-ਨਾਲ ਢੋਆ-ਢੁਆਈ ਦੇ ਖ਼ਰਚੇ ਵਿਚ ਵੀ ਕਮੀ ਆ ਰਹੀ ਹੈ। ਸੀਨੀਅਰ ਮੰਡਲ ਕਮਰਸ਼ੀਅਲ ਮੈਨੇਜਰ/ਫ਼ਰੇਟ ਪਰਮਦੀਪ ਸਿੰਘ ਸੈਣੀ ਨੇ ਦੱਸਿਆ ਕਿ ਫ਼ਿਰੋਜ਼ਪੁਰ ਮੰਡਲ ਗਾਹਕਾਂ ਨੂੰ ਬਿਹਤਰ, ਭਰੋਸੇਮੰਦ ਤੇ ਸਮੇਂ ਸਿਰ ਮਾਲ ਢੋਆ-ਢੁਆਈ ਸੇਵਾਵਾਂ ਉਪਲਬੱਧ ਕਰਾਉਣ ਲਈ ਲਗਾਤਾਰ ਯਤਨਸ਼ੀਲ ਹੈ।

ਲੋਕਾਂ ਦਾ ਰੁਝਾਨ ਮੁੜ ਸ਼੍ਰੋਮਣੀ ਅਕਾਲੀ ਦਲ ਵੱਲ, ਸਕਰੌਦੀ ਦੀ ਮੀਟਿੰਗ 'ਚ ਭਰਵੀਂ ਸ਼ਮੂਲੀਅਤ

ਭਵਾਨੀਗੜ੍ਹ (ਰਾਜ ਖੁਰਮੀ)-ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਨਿਰਾਸ਼ ਲੋਕ ਮੁੜ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਜੁੜਨ ਲੱਗੇ ਹਨ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਰਵਿੰਦ ਖੰਨਾ ਨੇ ਨੇੜਲੇ ਪਿੰਡ ਸਕਰੌਦੀ ਵਿਖੇ ਸਾਬਕਾ ਸਰਪੰਚ ਦਲਬੀਰ ਸਿੰਘ ਦੇ ਗ੍ਰਹਿ ਵਿਖੇ ਹੋਈ ਵਿਸ਼ੇਸ਼ ਪਾਰਟੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤ ਚਿੰਤਾਜਨਕ ਹਨ ਤੇ ਸੂਬੇ ਦਾ ਹਰ ਵਰਗ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਾਖੁਸ਼ ਹੈ।ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਨੂੰ ਉਮੀਦਾਂ ਅਨੁਸਾਰ ਕੋਈ ਰਾਹਤ ਨਹੀਂ ਮਿਲ ਰਹੀ।ਉਨ੍ਹਾਂ ਕਿਹਾ ਕਿ ਵਿਕਾਸ ਸਿਰਫ਼ ਇਸ਼ਤਿਹਾਰਾਂ ਤੱਕ ਸੀਮਤ ਹੈ, ਜਦਕਿ ਜ਼ਮੀਨੀ ਪੱਧਰ 'ਤੇ ਲੋਕ ਮੁੱਢਲੀਆਂ ਸਹੂਲਤਾਂ ਲਈ ਸੰਘਰਸ਼ ਕਰ ਰਹੇ ਹਨ।ਖੰਨਾ ਨੇ ਕਿਹਾ ਕਿ ਪੰਜਾਬ 'ਤੇ ਕਰਜ਼ੇ ਦਾ ਬੋਝ ਲਗਾਤਾਰ ਵਧ ਰਿਹਾ ਹੈ ਅਤੇ ਸਰਕਾਰ ਵੱਲੋਂ ਕੀਤੇ ਗਏ ਬਹੁਤੇ ਵਾਅਦੇ ਅਤੇ ਗਾਰੰਟੀਆਂ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਨਹੀਂ ਉਤਰੇ।ਉਨ੍ਹਾਂ ਦਾਅਵਾ ਕੀਤਾ ਕਿ ਹੁਣ ਲੋਕ ਸਰਕਾਰ ਦੀ ਕਾਰਗੁਜ਼ਾਰੀ ਨੂੰ ਸਮਝ ਚੁੱਕੇ ਹਨ ਅਤੇ ਬਦਲਾਅ ਦੀ ਸੋਚ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਲਈ ਵਚਨਬੱਧ ਰਿਹਾ ਹੈ।ਉਨ੍ਹਾਂ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਬੂਥ ਪੱਧਰ 'ਤੇ ਕਮੇਟੀਆਂ ਦਾ ਗਠਨ ਕਰਕੇ ਸੰਗਠਨ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਅਤੇ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਨੂੰ ਘਰ-ਘਰ ਤੱਕ ਪੁਚਾਇਆ ਜਾਵੇ।

ਸਕੂਲ ਦੇ ਪੁਰਾਣੇ ਦੋਸਤਾਂ ਦੀ ਭਾਵੁਕ ਮਿਲਣੀ

ਜਗਰਾਉਂ (ਸੰਜੀਵ ਅਰੋੜਾ)-ਮਾਰਕੀਟ ਕਮੇਟੀ ਦੇ ਨਵ-ਨਿਯੁਕਤ ਚੇਅਰਮੈਨ ਕੁਲਵਿੰਦਰ ਸਿੰਘ ਕਾਲਾ ਦਾ ਨਵੀਂ ਦਾਣਾ ਮੰਡੀ ਵਿਖੇ ਅਪਾਰ ਸਿੰਘ ਤੇ ਗੁਰਮੀਤ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਤੇ ਕੁਲਵਿੰਦਰ ਸਿੰਘ ਕਾਲਾ ਨੂੰ ਚੇਅਰਮੈਨ ਬਣਨ 'ਤੇ ਵਧਾਈਆਂ ਵੀ ਦਿੱਤੀਆਂ ਗਈਆਂ। ਕੁਲਵਿੰਦਰ ਸਿੰਘ ਕਾਲਾ ਨੂੰ ਉਸ ਸਮੇਂ ਇੱਕ ਬਹੁਤ ਹੀ ਖਾਸ ਤੇ ਭਾਵੁਕ ਪਲ ਦੇਖਣ ਨੂੰ ਮਿਲਿਆ, ਜਦੋਂ ਉਨ੍ਹਾਂ ਦੇ ਸਕੂਲ ਸਮੇਂ ਦੇ ਪੁਰਾਣੇ ਸਾਥੀ ਅਪਾਰ ਸਿੰਘ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ 'ਤੇ ਗਰਮਜੋਸ਼ੀ ਨਾਲ ਵਧਾਈਆਂ ਦਿੱਤੀਆਂ। ਇਸ ਮੁਲਾਕਾਤ ਦੌਰਾਨ ਜਿੱਥੇ ਖੁਸ਼ੀ ਦਾ ਮਾਹੌਲ ਸੀ, ਉੱਥੇ ਹੀ ਦੋਵਾਂ ਪੁਰਾਣੇ ਮਿੱਤਰਾਂ ਨੇ ਆਪਣੇ ਸਕੂਲ ਦੇ ਦਿਨਾਂ ਦੀਆਂ ਖੱਟੀਆਂ-ਮਿੱਠੀਆਂ ਯਾਦਾਂ ਨੂੰ ਤਾਜ਼ਾ ਕੀਤਾ। ਬਚਪਨ ਦੀ ਦੋਸਤੀ ਨੂੰ ਯਾਦ ਕਰਦਿਆਂ ਅਪਾਰ ਸਿੰਘ ਨੇ ਕਿਹਾ ਕਿ ਕੁਲਵਿੰਦਰ ਸਿੰਘ ਕਾਲਾ ਸ਼ੁਰੂ ਤੋਂ ਹੀ ਮਿਹਨਤੀ, ਮਿਲਣਸਾਰ ਤੇ ਸਮਾਜ ਸੇਵਾ ਦੀ ਭਾਵਨਾ ਰੱਖਣ ਵਾਲੇ ਵਿਅਕਤੀ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਕਾਲਾ ਆਪਣੀ ਇਸ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਨਿਭਾਉਂਦਿਆਂ ਕਿਸਾਨਾਂ ਅਤੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਦਿਨ-ਰਾਤ ਇੱਕ ਕਰਨਗੇ। ਚੇਅਰਮੈਨ ਕੁਲਵਿੰਦਰ ਸਿੰਘ ਕਾਲਾ ਨੇ ਆਪਣੇ ਪੁਰਾਣੇ ਦੋਸਤ ਅਪਾਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਕੂਲ ਦੇ ਦੋਸਤਾਂ ਦਾ ਮਿਲਣਾ ਅਤੇ ਉਨ੍ਹਾਂ ਵੱਲੋਂ ਮਿਲਿਆ ਪਿਆਰ ਹੀ ਅਸਲ ਕਮਾਈ ਹੈ।

ਕੈਂਬਰਿਜ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਲਾਇਆ ਐੱਨ ਸੀ ਸੀ ਟ੍ਰੈਕਿੰਗ ਕੈਂਪ

ਕੋਟ ਈਸੇ ਖਾਂ (ਅਰੋੜਾ)-ਕੈਂਬਰਿਜ ਕਾਨਵੈਂਟ ਸਕੂਲ ਦੇ ਐਨ.ਸੀ.ਸੀ. ਕੈਡੇਟਾਂ ਵੱਲੋਂ ਅਮਰਕੰਟਕ (ਮੱਧ ਪ੍ਰਦੇਸ਼) ਵਿਖੇ ਆਯੋਜਤ ਐਨ.ਸੀ.ਸੀ. ਦੇ ਵਿਸ਼ੇਸ਼ ਕੈਂਪ ਵਿੱਚ ਸਫ਼ਲਤਾਪੂਰਵਕ ਭਾਗ ਲਿਆ ਗਿਆ।ਇਹ ਕੈਂਪ ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਡਾਇਰੈਕਟੋਰੇਟ ਵੱਲੋਂ ਆਯੋਜਿਤ ਕੀਤਾ ਜਾਣ ਵਾਲਾ ਇੱਕ ਰਾਸ਼ਟਰੀ ਪੱਧਰ ਦਾ ਸਾਲਾਨਾ ਟ੍ਰੈਕਿੰਗ ਅਭਿਆਨ ਹੈ, ਜਿਸ ਵਿੱਚ ਦੇਸ਼ ਭਰ ਤੋਂ ਆਏ ਕੈਡੇਟਾਂ ਦੇ ਨਾਲ ਸਕੂਲ ਦੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਅਤੇ ਅਨੁਸ਼ਾਸਨ ਦਾ ਪ੍ਰਦਰਸ਼ਨ ਕੀਤਾ।ਕੈਂਪ ਦੌਰਾਨ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਟਰੈਕਿੰਗ ਤੇ ਐਨ.ਸੀ.ਸੀ. ਦੀਆਂ ਹੋਰ ਮਹੱਤਵਪੂਰਨ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਅਮਰਕੰਟਕ ਦੇ ਪਹਾੜੀ ਤੇ ਕੁਦਰਤੀ ਮਾਹੌਲ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਚੁਣੌਤੀਪੂਰਨ ਗਤੀਵਿਧੀਆਂ ਵਿੱਚ ਹਿੱਸਾ ਲਿਆ।ਕੈਂਪ ਦੇ ਉੱਚ ਅਧਿਕਾਰੀਆਂ (ਅਫ਼ਸਰਾਂ) ਵੱਲੋਂ ਕੈਂਬਰਿਜ ਸਕੂਲ ਦੇ ਬੱਚਿਆਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਗਈ ਤੇ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਭਰਵੀਂ ਕਨਵੈਨਸ਼ਨ ਤੇ ਮਾਰਚ ਕਰਕੇ ਮਨਾਇਆ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਸ਼ਹੀਦ ਭਗਤ ਸਿੰਘ ਨੌਜਵਾਨ ਸਭਾ (ਐੱਸਬੀਵਾਈਐੱਫ), ਇਨਕਲਾਬੀ ਨੌਜਵਾਨ ਸਭਾ (ਆਰਵਾਈਏ), ਪੰਜਾਬ ਸਟੂਡੈਂਟਸ ਫੈਡਰੇਸ਼ਨ (ਪੀਐੱਸਐੱਫ) ਤੇ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਈਸਾ) ਵੱਲੋਂ ਸੁਤੰਤਰਤਾ ਸੰਗਰਾਮ ਦੇ ਮਹਾਨ ਸ਼ਹੀਦ ਊਧਮ ਸਿੰਘ ਸੁਨਾਮ ਉਰਫ ਮੁਹੰਮਦ ਸਿੰਘ ਆਜ਼ਾਦ ਦਾ ਸ਼ਹੀਦੀ ਦਿਹਾੜਾ ਇੱਥੋਂ ਦੇ ਟੀਚਰਜ਼ ਹੋਮ ਵਿਖੇ ਪ੍ਰਭਾਵਸ਼ਾਲੀ ਕਨਵੈਨਸ਼ਨ ਕਰ ਕੇ ਮਨਾਇਆ ਗਿਆ।ਆਈਸਾ ਦੀ ਕੇਂਦਰੀ ਕਮੇਟੀ ਦੀ ਮੈਂਬਰ ਸਾਥੀ ਅੰਜਲੀ 'ਨਸ਼ੇ ਨਹੀਂ ਰੁਜ਼ਗਾਰ ਦਿਉ' ਦੇ ਨਾਅਰੇ ਤਹਿਤ ਸੱਦੀ ਗਈ ਇਸ ਕਨਵੈਨਸ਼ਨ ਦੇ ਮੁੱਖ ਬੁਲਾਰੇ ਸਨ।ਉਨ੍ਹਾਂ ਜੰਤਰ-ਮੰਤਰ ਵਿਖੇ ਲੜੇ ਗਏ ਸ਼ਾਨਾਮੱਤੇ ਘੋਲ, ਜੋ ਬਿਜਲੀ ਦੀ ਗਤੀ ਨਾਲ ਦੇਸ਼ ਦੇ ਵੱਖੋ-ਵੱਖ ਹਿੱਸਿਆਂ 'ਚ ਫੈਲ ਗਿਆ ਸੀ, 'ਤੇ ਢਾਹੇ ਗਏ ਹੁਕੂਮਤੀ ਜਬਰ ਤੇ ਸਾਜਿਸ਼ਾਂ, ਸੰਘੀ ਸੰਗਠਨਾਂ ਦੇ ਪਾਲੇ ਗੁੰਡਿਆਂ ਦੀ ਬੁਰਛਾਗਰਦੀ ਤੇ ਘੋਲ ਦੀਆਂ ਹਾਂ-ਪੱਖੀ ਪ੍ਰਾਪਤੀਆਂ ਬਾਰੇ ਵਿਸਤਾਰ ਨਾਲ ਚਾਨਣਾ ਪਾਇਆ।ਸਾਥੀ ਅੰਜਲੀ ਨੇ ਕਿਹਾ ਕਿ ਅੰਦੋਲਨ ਦਾ ਸਭ ਤੋਂ ਵੱਡਾ ਸਬਕ ਇਹ ਹੈ ਕਿ ਦੇਸ਼ ਦਾ ਭਵਿੱਖ ਸੰਵਾਰਨ ਲਈ ਸਾਂਝੇ ਮੋਰਚੇ ਬਣਾ ਕੇ ਕੈਂਪਸ ਚੋਂ ਏਬੀਵੀਪੀ, ਰਾਜਨੀਤੀ 'ਚੋਂ ਭਾਜਪਾ ਤੇ ਸਮਾਜ 'ਚੋਂ ਆਰ.ਐੱਸ.ਐੱਸ. ਤੇ ਸੰਘ ਪ੍ਰੀਵਾਰ ਪੂਰੀ ਤਰ੍ਹਾਂ ਅਲੱਗ-ਥਲੱਗ ਕਰ ਦਿੱਤੇ ਜਾਣ।ਇਸ ਮੌਕੇ ਧਰਮਿੰਦਰ ਸਿੰਘ ਮੁਕੇਰੀਆਂ, ਹੈਪੀ ਮਾਨ, ਗਗਨਦੀਪ, ਸੁਖਜੀਤ ਰਾਮਾਨੰਦੀ ਤੇ ਅਰਮਾਨ ਸਿੰਘ ਨੇ ਵੀ ਵਿਚਾਰ ਰੱਖੇ। ਮੰਚ ਦੀ ਕਾਰਵਾਈ ਹਰਵਿੰਦਰ ਚੋਟੀਆਂ ਨੇ ਚਲਾਈ।

ਬੁਲਾਰਿਆਂ ਨੇ ਅਦੁੱਤੀ ਸ਼ਹੀਦ ਦੀ ਲੋਕ ਪੱਖੀ ਸੋਚ, ਆਪਣੇ ਅਕੀਦੇ ਪ੍ਰਤੀ ਉਨ੍ਹਾਂ ਦੇ ਅਟੁੱਟ ਸਮਰਪਣ ਤੇ ਘਾਲਣਾਵਾਂ ਭਰਪੂਰ ਜੀਵਨ ਬਾਰੇ ਗੱਲ ਕਰਦਿਆਂ ਦੇਸ਼ ਵਾਸੀਆਂ, ਖਾਸ ਕਰਕੇ ਨੌਜਵਾਨੀ ਨੂੰ ਉਨ੍ਹਾਂ ਦੀ ਸੋਚ ਦੇ ਹਾਣੀ ਬਣਨ ਤੇ ਉਨ੍ਹਾਂ ਦੇ ਪਦਚਿਨ੍ਹਾਂ 'ਤੇ ਚੱਲਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਸਾਮਰਾਜੀਏ, ਮੌਜੂਦ ਵਿਸ਼ਵ ਨਿਜ਼ਾਮ (ਵਰਲਡ ਆਰਡਰ) ਨੂੰ ਜਿਉਂ ਦਾ ਤਿਉਂ ਕਾਇਮ ਰੱਖਣ ਤੇ ਕਿਰਤੀ ਲੋਕਾਈ ਨੂੰ ਸਮਾਜਿਕ ਤਬਦੀਲੀ ਦੇ ਲੋਕ ਯੁੱਧ ਦੇ ਰਾਹ ਪੈਣੋਂ ਰੋਕਣ ਲਈ ਸੰਸਾਰ ਦੇ ਹਰ ਖੂੰਜੇ 'ਚ ਸੱਜ ਪਿਛਾਖੜੀਆਂ ਤੇ ਕਟੜਪ੍ਰਸਤਾਂ, ਜੋ ਲੋਕਾਂ ਨੂੰ ਨਸਲ-ਧਰਮ ਆਦ

ਮਿੱਡੂ ਖੇੜਾ ਅੰਨ੍ਹੇ ਕਤਲ ਕਾਂਡ ਦੀ ਗੁੱਥੀ ਸੁਲਝੀ, 4 ਗ੍ਰਿਫ਼ਤਾਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਅਭਿਮੰਨਿਊ ਰਾਣਾ ਸੀਨੀਅਰ ਪੁਲਸ ਕਪਤਾਨ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹੇ ਵਿੱਚ ਅਪਰਾਧਿਕ ਅਨਸਰਾਂ ਖ਼ਿਲਾਫ਼ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਮਨਮੀਤ ਸਿੰਘ ਢਿੱਲੋਂ, ਐੱਸ.ਪੀ. (ਡੀ.) ਤੇ ਹਰਬੰਸ ਸਿੰਘ, ਡੀ.ਐੱਸ.ਪੀ. ਲੰਬੀ, ਰਸ਼ਪਾਲ ਸਿੰਘ ਡੀ.ਐਸ.ਪੀ (ਡੀ) ਦੀ ਨਿਗਰਾਨੀ ਹੇਠ ਇੰਸਪੈਕਟਰ ਕਰਮਜੀਤ ਕੌਰ, ਮੁੱਖ ਅਫ਼ਸਰ ਥਾਣਾ ਕਿੱਲਿਆਂਵਾਲੀ ਤੇ ਇੰਸਪੈਕਟਰ ਗੁਰਵਿੰਦਰ ਸਿੰਘ, ਇੰਚਾਰਜ ਸੀਆਈਏ ਸ੍ਰੀ ਮੁਕਤਸਰ ਸਾਹਿਬ ਦੀਆਂ ਟੀਮਾਂ ਨੇ ਪਿੰਡ ਮਿੱਡੂ ਖੇੜਾ ਵਿਖੇ ਹੋਏ ਅੰਨ੍ਹੇ ਕਤਲ ਕਾਂਡ ਦੀ ਤਫ਼ਤੀਸ਼ ਕਰਦਿਆਂ ਕਤਲ ਨੂੰ ਸੁਲਝਾਦਿਆਂ ਹੋਏ 13 ਦੋਸ਼ੀਆਂ ਨੂੰ ਟਰੇਸ ਕਰਕੇ ਨਾਮਜ਼ਦ ਕਰਦੇ ਹੋਏ ਉਨ੍ਹਾਂ ਵਿੱਚੋਂ 04 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ।

ਇਸ ਸੰਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਮਨਮੀਤ ਸਿੰਘ ਢਿੱਲੋਂ, ਐਸ.ਪੀ. (ਡੀ.) ਨੇ ਦੱਸਿਆ ਕਿ ਸੰਦੀਪ ਸਿੰਘ ਉਰਫ਼ ਬੱਬਲੂ ਵਾਸੀ ਪਿੰਡ ਮਿੱਡੂ ਖੇੜਾ ਨਾਲ ਕੁੱਟਮਾਰ ਦੀ ਘਟਨਾ ਵਾਪਰੀ। ਉਸ ਨੂੰ ਇਲਾਜ ਲਈ ਪਹਿਲਾਂ ਸਿਵਲ ਹਸਪਤਾਲ ਬਾਦਲ ਤੇ ਬਾਅਦ ਵਿੱਚ ਏਮਜ਼ ਬਠਿੰਡਾ ਰੈਫ਼ਰ ਕੀਤਾ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।ਇਸ ਸਬੰਧੀ ਥਾਣਾ ਲੰਬੀ ਵਿਖੇ ਬੀ ਐਨ.ਐਸ ਦੀਆਂ ਧਾਰਾਵਾਂ 103(1), 191(3), 190 ਅਤੇ 238 ਤਹਿਤ ਮੁਕੱਦਮਾ ਦਰਜ ਕਰਕੇ ਤਫ਼ਤੀਸ਼ ਸ਼ੁਰੂ ਕੀਤੀ ਗਈ।ਤਫ਼ਤੀਸ਼ ਦੌਰਾਨ ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵੱਖ-ਵੱਖ ਪੁਲਿਸ ਟੀਮਾਂ ਦਾ ਗਠਨ ਕੀਤਾ ਗਿਆ।ਟੀਮਾਂ ਨੇ ਮਨੁੱਖੀ ਸੂਚਨਾ, ਟੈਕਨੀਕਲ ਵਿਸ਼ਲੇਸ਼ਣ ਅਤੇ ਹੋਰ ਵਿਗਿਆਨਕ ਸਾਧਨਾ ਦੀ ਮਦਦ ਨਾਲ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਕੇ ਮਾਮਲੇ ਨੂੰ ਸੁਲਝਾਇਆ ਤੇ ਇਸ ਵਿੱਚ ਸ਼ਾਮਲ 04 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ।ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਦੇ ਨਾਮ ਜਗਦੀਸ਼ ਪੁੱਤਰ ਲਿਖਮਾ ਰਾਮ, ਵਾਸੀ ਪਿੰਡ ਮਿੱਡੂ ਖੇੜਾ ਸ੍ਰੀ ਮੁਕਤਸਰ ਸਾਹਿਬ, ਸਤਪਾਲ ਪੁੱਤਰ ਲਿਖਮਾ ਰਾਮ, ਵਾਸੀ ਪਿੰਡ ਮਿੱਡੂ ਖੇੜਾ ਸ੍ਰੀ ਮੁਕਤਸਰ ਸਾਹਿਬ, ਅਜੈ ਕੁਮਾਰ ਪੁੱਤਰ ਸਤਪਾਲ, ਵਾਸੀ ਪਿੰਡ ਮਿੱਡੂ ਖੇੜਾ, ਸ੍ਰੀ ਮੁਕਤਸਰ ਸਾਹਿਬ ਤੇ ਇੰਦਰਜੀਤ ਸਿੰਘ ਉਰਫ਼ ਛਾਂਗਾ ਪੁੱਤਰ ਧਰਮਾ ਰਾਮ, ਵਾਸੀ ਪਿੰਡ ਬੀਰੂਵਾਲਾ ਗੁੜਾ, ਜ਼ਿਲ੍ਹਾ ਸਿਰਸਾ ਹਨ।ਮੁੱਢਲੀ ਤਫ਼ਤੀਸ਼ ਦੌਰਾਨ ਸਾਹਮਣੇ ਆਇਆ ਕਿ ਮ੍ਰਿਤਕ ਸੰਦੀਪ ਸਿੰਘ ਉਰਫ਼ ਬੱਬਲੂ ਤੇ ਮੁੱਖ ਦੋਸ਼ੀ ਜਗਦੀਸ਼ ਵਿਚਕਾਰ ਪਹਿਲਾਂ ਤੋਂ ਆਪਸੀ ਰੰਜਿਸ਼ ਚੱਲ ਰਹੀ ਸੀ। ਪਹਿਲਾਂ ਵੀ ਦੋਵਾਂ ਧਿਰਾਂ ਵਿਚਕਾਰ ਹੋਏ ਲੜਾਈ-ਝਗੜੇ ਸਬੰਧੀ ਮ੍ਰਿਤਕ ਸੰਦੀਪ ਸਿੰਘ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਸੀ।ਇਸ ਘਟਨਾ ਤੋਂ ਬਾਅਦ ਵੀ ਦੋਵਾਂ ਧਿਰਾਂ ਵਿਚਕਾਰ ਰੰਜਿਸ਼ ਜਾਰੀ ਰਹੀ। ਇਸੇ ਰੰਜਿਸ਼ ਦੇ ਚੱਲਦਿਆਂ ਜਗਦੀਸ਼ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸਾਜਿਸ਼ ਤਹਿਤ ਸੰਦੀਪ ਸਿੰਘ ਉਰਫ਼ ਬੱਬਲੂ ਦੀ ਕੁੱਟਮਾਰ ਕੀਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ।ਰਿਮਾਂਡ ਦੌਰਾਨ ਉਨ੍ਹਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ। ਤਫ਼ਤੀਸ਼ ਦੌਰਾਨ ਮਾਮਲੇ ਨਾਲ ਸਬੰਧਤ ਹੋਰ ਅਹਿਮ ਤੱਥ ਸਾਹਮਣੇ ਆਉਣ ਦੀ ਸੰਭਾਵਨਾ ਹੈ, ਜਿਸ ਦੇ ਆਧਾਰ 'ਤੇ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਤੇ ਇਸ ਤੋਂ ਇਲਾਵਾ ਦੂਸਰੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਵੱਖ-ਵੱਖ ਟੀਮਾਂ ਬਣਾ ਕੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਜਲਦ ਗ੍ਰਿਫ਼ਤਾਰ ਕਰਕੇ ਪੇਸ਼ ਅਦਾਲਤ ਕੀਤਾ ਜਾਵੇਗਾ।

ਕਾਂਗਰਸ ਦੀ ਮੀਟਿੰਗ ਦੌਰਾਨ ਹੰਗਾਮਾ : ਰਾਜਾ ਵੜਿੰਗ ਦੇ ਭਾਸ਼ਣ ਵੇਲੇ ਚੰਨੀ ਦੇ ਹੱਕ 'ਚ ਜ਼ੋਰਦਾਰ ਨਾਅਰੇਬਾਜ਼ੀ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਪਟਿਆਲਾ ਵਿਖੇ ਆਯੋਜਿਤ ਕਾਂਗਰਸ ਪਾਰਟੀ ਦੀ ਇੱਕ ਅਹਿਮ ਮੀਟਿੰਗ ਦੌਰਾਨ ਉਸ ਸਮੇਂ ਭਾਰੀ ਹੰਗਾਮਾ ਤੇ ਰੌਲਾ-ਰੱਪਾ ਦੇਖਣ ਨੂੰ ਮਿਲਿਆ, ਜਦੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਟੇਜ ਤੋਂ ਵਰਕਰਾਂ ਨੂੰ ਸੰਬੋਧਨ ਕਰ ਰਹੇ ਸਨ।ਇਸ ਮੀਟਿੰਗ 'ਚ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ ਅਤੇ ਰਾਜਾ ਵੜਿੰਗ ਸਮੇਤ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਮੌਜੂਦ ਸੀ।ਜਾਣਕਾਰੀ ਮੁਤਾਬਕ, ਜਿਵੇਂ ਹੀ ਰਾਜਾ ਵੜਿੰਗ ਨੇ ਸਟੇਜ ਤੋਂ ਆਪਣਾ ਭਾਸ਼ਣ ਸ਼ੁਰੂ ਕੀਤਾ, ਤੁਰੰਤ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸਮਰਥਕਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।ਮੀਟਿੰਗ ਹਾਲ 'ਚ 'ਚਰਨਜੀਤ ਸਿੰਘ ਚੰਨੀ ਜ਼ਿੰਦਾਬਾਦ' ਤੇ 'ਚੰਨੀ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇਂ' ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਚੰਨੀ ਸਮਰਥਕਾਂ ਦੇ ਇਸ ਰੁਖ਼ ਨਾਲ ਕੁਝ ਸਮੇਂ ਲਈ ਮੀਟਿੰਗ ਦੀ ਕਾਰਵਾਈ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਈ।ਸਥਿਤੀ ਨੂੰ ਵਿਗੜਦੀ ਦੇਖ ਕੇ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਟੇਜ ਤੋਂ ਵਾਰ-ਵਾਰ ਵਰਕਰਾਂ ਨੂੰ ਸ਼ਾਂਤ ਹੋਣ ਤੇ ਅਨੁਸ਼ਾਸਨ ਬਣਾਏ ਰੱਖਣ ਦੀ ਅਪੀਲ ਕੀਤੀ।ਉਨ੍ਹਾਂ ਨਾਅਰੇਬਾਜ਼ੀ ਕਰ ਰਹੇ ਵਰਕਰਾਂ ਨੂੰ ਧਿਆਨ ਨਾਲ ਗੱਲ ਸੁਣਨ ਲਈ ਕਿਹਾ, ਪਰ ਜੋਸ਼ 'ਚ ਆਏ ਸਮਰਥਕਾਂ ਨੇ ਪ੍ਰਧਾਨ ਦੀ ਇੱਕ ਨਾ ਸੁਣੀ ਅਤੇ ਲਗਾਤਾਰ ਨਾਅਰੇਬਾਜ਼ੀ ਕਰਦੇ ਰਹੇ।ਮੀਟਿੰਗ 'ਚ ਮੌਜੂਦ ਭੂਪੇਸ਼ ਬਘੇਲ ਤੇ ਹੋਰ ਆਗੂ ਇਸ ਪੂਰੇ ਘਟਨਾਕ੍ਰਮ ਨੂੰ ਹੈਰਾਨੀ ਨਾਲ ਦੇਖਦੇ ਰਹੇ। ਸਟੇਜ 'ਤੇ ਮੌਜੂਦ ਹੋਰ ਸੀਨੀਅਰ ਨੇਤਾਵਾਂ ਨੇ ਵੀ ਸਮਰਥਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਨਾਅਰੇਬਾਜ਼ੀ ਕਾਫ਼ੀ ਦੇਰ ਤੱਕ ਜਾਰੀ ਰਹੀ।ਇਸ ਘਟਨਾ ਨੇ ਇੱਕ ਵਾਰ ਫਿਰ ਪੰਜਾਬ ਕਾਂਗਰਸ ਦੇ ਅੰਦਰੂਨੀ ਮਤਭੇਦਾਂ ਤੇ ਧੜੇਬੰਦੀ ਨੂੰ ਜਨਤਕ ਤੌਰ 'ਤੇ ਸਾਹਮਣੇ ਲਿਆ ਦਿੱਤਾ ਹੈ।ਪਾਰਟੀ ਦੀਆਂ ਅਹਿਮ ਬੈਠਕਾਂ 'ਚ ਸੀਨੀਅਰ ਲੀਡਰਸ਼ਿਪ ਦੀ ਮੌਜੂਦਗੀ ਦੇ ਬਾਵਜੂਦ ਅਜਿਹਾ ਹੰਗਾਮਾ ਹੋਣਾ, ਪਾਰਟੀ ਦੇ ਅੰਦਰੂਨੀ ਅਨੁਸ਼ਾਸਨ 'ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ। ਰਾਜਨੀਤਕ ਮਾਹਰਾਂ ਅਨੁਸਾਰ, ਇਹ ਘਟਨਾ ਸਪੱਸ਼ਟ ਕਰਦੀ ਹੈ ਕਿ ਪਾਰਟੀ ਅੰਦਰ ਵੱਖ-ਵੱਖ ਆਗੂਆਂ ਦੇ ਸਮਰਥਕਾਂ ਵਿਚਕਾਰ ਆਪਸੀ ਖਿੱਚੋਤਾਣ ਅਜੇ ਵੀ ਖ਼ਤਮ ਨਹੀਂ ਹੋਈ ਹੈ, ਜੋ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਲਈ ਵੱਡੀ ਚੁਣੌਤੀ ਬਣ ਸਕਦੀ ਹੈ।

ਪਾਣੀ ਦੀ ਕਿੱਲਤ ਤੋਂ ਅੱਕੇ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ

■ ਨਗਰ ਕੌਂਸਲ ਤੇ ਵਾਟਰ ਸਪਲਾਈ ਵਿਭਾਗ ਦੀ ਖਿੱਚੋਤਾਣ 'ਚ ਪਿਆਸੇ ਮਰ ਰਹੇ ਸ਼ਹਿਰ ਵਾਸੀ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਫ਼ਿਰੋਜ਼ਪੁਰ ਸ਼ਹਿਰ ਦੀ ਗੋਬਿੰਦ ਨਗਰੀ ਵਿੱਚ ਸਥਿਤ ਵਾਟਰ ਸਪਲਾਈ ਦੀ ਮੋਟਰ ਬਾਰ-ਬਾਰ ਖ਼ਰਾਬ ਹੋਣ ਕਾਰਨ ਪਿਛਲੇ ਚਾਰ ਮਹੀਨਿਆਂ ਤੋਂ ਪੀਣ ਵਾਲੇ ਪਾਣੀ ਦੀ ਗੰਭੀਰ ਸਮੱਸਿਆ ਬਣੀ ਹੋਈ ਹੈ। ਇਸ ਤੋਂ ਤੰਗ ਆ ਕੇ ਅੱਜ ਵਿਕਾਸ ਵਿਹਾਰ (ਫ਼ੇਜ਼ 1, 2, 3), ਫ਼ਰੈਂਡਜ਼ ਕਾਲੋਨੀ ਤੇ ਨਿਊ ਫ਼ਰੈਂਡਜ਼ ਕਾਲੋਨੀ ਦੇ ਨਿਵਾਸੀਆਂ ਨੇ ਇਕੱਠੇ ਹੋ ਕੇ ਪੰਜਾਬ ਸਰਕਾਰ ਅਤੇ ਨਗਰ ਕੌਂਸਲ ਵਿਰੁੱਧ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਕੜਕਦੀ ਧੁੱਪ ਤੇ ਭਾਰੀ ਗਰਮੀ ਦੇ ਮੌਸਮ ਵਿੱਚ ਪਾਣੀ ਦੀ ਇੱਕ-ਇੱਕ ਬੂੰਦ ਲਈ ਤਰਸ ਰਹੇ ਇਲਾਕਾ ਨਿਵਾਸੀਆਂ ਦਾ ਸਬਰ ਹੁਣ ਜਵਾਬ ਦੇ ਚੁੱਕਾ ਹੈ। ਇਸ ਰੋਸ ਵਿਖਾਵੇ ਦੌਰਾਨ ਸਥਾਨਕ ਕੌਂਸਲਰ ਰਿਸ਼ੀ ਸ਼ਰਮਾ ਅਤੇ ਇਲਾਕਾ ਨਿਵਾਸੀਆਂ ਨੇ ਪ੍ਰਸ਼ਾਸਨ 'ਤੇ ਭੜਾਸ ਕੱਢਦਿਆਂ ਦੱਸਿਆ ਕਿ ਪਿਛਲੇ ਚਾਰ ਮਹੀਨਿਆਂ ਦੇ ਅਰਸੇ ਦੌਰਾਨ ਇਹ ਮੋਟਰ ਲਗਭਗ 10 ਤੋਂ 12 ਵਾਰ ਖ਼ਰਾਬ ਹੋ ਚੁੱਕੀ ਹੈ। ਇੱਕ ਵਾਰ ਮੋਟਰ ਖ਼ਰਾਬ ਹੋਣ 'ਤੇ ਇਸ ਨੂੰ ਠੀਕ ਕਰਨ ਲਈ ਘੱਟੋ-ਘੱਟ ਤਿੰਨ ਦਿਨਾਂ ਦਾ ਸਮਾਂ ਲੱਗ ਜਾਂਦਾ ਹੈ, ਜਿਸ ਕਾਰਨ ਕਈ-ਕਈ ਦਿਨ ਇਲਾਕੇ ਵਿੱਚ ਪਾਣੀ ਦੀ ਸਪਲਾਈ ਪੂਰੀ ਤਰ੍ਹਾਂ ਠੱਪ ਰਹਿੰਦੀ ਹੈ। ਠੀਕ ਹੋਣ ਤੋਂ ਕੁਝ ਹੀ ਸਮੇਂ ਬਾਅਦ ਇਹ ਮੋਟਰ ਮੁੜ ਜਵਾਬ ਦੇ ਜਾਂਦੀ ਹੈ, ਜਿਸ ਨਾਲ ਬੱਚੇ, ਬਜ਼ੁਰਗ ਤੇ ਔਰਤਾਂ ਸਮੇਤ ਸਾਰੇ ਲੋਕ ਬੇਹੱਦ ਪ੍ਰੇਸ਼ਾਨ ਹਨ।

ਕੌਂਸਲਰ ਰਿਸ਼ੀ ਸ਼ਰਮਾ ਨੇ ਖੁਲਾਸਾ ਕੀਤਾ ਕਿ ਉਹ ਇਸ ਸਮੱਸਿਆ ਨੂੰ ਲੈ ਕੇ ਅਧਿਕਾਰੀਆਂ ਦੇ ਚੱਕਰ ਕੱਢ-ਕੱਢ ਕੇ ਥੱਕ ਚੁੱਕੇ ਹਨ। ਜਦੋਂ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਜਾਂਦੀ ਹੈ, ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਨਵੀਂ ਮੋਟਰ ਲਗਾਉਣ ਲਈ ਨਗਰ ਕੌਂਸਲ ਫ਼ਿਰੋਜ਼ਪੁਰ ਨੇ ਫੰਡ ਜਾਰੀ ਕਰਨੇ ਹਨ।

ਦੂਜੇ ਪਾਸੇ, ਨਗਰ ਕੌਂਸਲ ਦੇ ਅਧਿਕਾਰੀ ਬਜਟ ਜਾਂ ਫੰਡ ਨਾ ਹੋਣ ਦਾ ਬਹਾਨਾ ਬਣਾ ਕੇ ਪੱਲਾ ਝਾੜ ਲੈਂਦੇ ਹਨ। ਲੋਕਾਂ ਦਾ ਦੋਸ਼ ਹੈ ਕਿ ਜਿੰਨਾ ਪੈਸਾ ਇਸ ਪੁਰਾਣੀ ਮੋਟਰ ਦੀ ਵਾਰ-ਵਾਰ ਮੁਰੰਮਤ 'ਤੇ ਫੂਕਿਆ ਜਾ ਚੁੱਕਾ ਹੈ, ਉਸ ਨਾਲੋਂ ਘੱਟ ਖ਼ਰਚੇ ਵਿੱਚ ਇੱਕ ਨਵੀਂ ਮੋਟਰ ਆਸਾਨੀ ਨਾਲ ਆ ਸਕਦੀ ਸੀ। ਪਾਣੀ ਦੀ ਸਮੱਸਿਆ ਦੇ ਨਾਲ-ਨਾਲ ਇਲਾਕੇ ਦੇ ਲੋਕ ਸੀਵਰੇਜ ਦੇ ਓਵਰਫ਼ਲੋਅ ਤੋਂ ਵੀ ਬੁਰੇ ਤਰੀਕੇ ਨਾਲ ਪ੍ਰਭਾਵਿਤ ਹਨ। ਲੋਕਾਂ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਬਹੁਤ ਹੀ ਸ਼ਰਮਨਾਕ ਗੱਲ ਹੈ ਕਿ ਫ਼ਿਰੋਜ਼ਪੁਰ ਸ਼ਹਿਰ ਦੀ ਨਗਰ ਕੌਂਸਲ 'ਏ-ਕਲਾਸ' ਦੀ ਸ਼੍ਰੇਣੀ ਵਿੱਚ ਆਉਂਦੀ ਹੈ, ਪਰ ਫਿਰ ਵੀ ਇਸ ਕੋਲ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ ਅਤੇ ਨਵੀਂ ਮੋਟਰ ਖਰੀਦਣ ਲਈ ਜ਼ਰੂਰੀ ਫੰਡ ਨਹੀਂ ਹਨ। ਇਲਾਕਾ ਨਿਵਾਸੀਆਂ ਨੇ ਪੰਜਾਬ ਸਰਕਾਰ, ਨਗਰ ਕੌਂਸਲ ਅਤੇ ਵਾਟਰ ਸਪਲਾਈ ਵਿਭਾਗ ਤੋਂ ਮੰਗ ਕੀਤੀ ਹੈ ਕਿ ਗੋਬਿੰਦ ਨਗਰੀ ਲਈ ਤੁਰੰਤ ਨਵੀਂ ਮੋਟਰ ਦੇ ਫੰਡ ਮਨਜ਼ੂਰ ਕੀਤੇ ਜਾਣ ਤੇ ਇਸ ਮਸਲੇ ਦਾ ਪੱਕਾ ਹੱਲ ਕੀਤਾ ਜਾਵੇ। ਪ੍ਰਦਰਸ਼ਨਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਨਵੀਂ ਮੋਟਰ ਜਲਦੀ ਨਾ ਲਗਾਈ ਗਈ, ਤਾਂ ਵਿਕਾਸ ਵਿਹਾਰ ਤੇ ਫ਼ਰੈਂਡਜ਼ ਕਾਲੋਨੀ ਦੇ ਲੋਕ ਤਿੱਖੇ ਸੰਘਰਸ਼ ਲਈ ਮਜਬੂਰ ਹੋਣਗੇ, ਜਿਸ ਅਧੀਨ ਸ਼ਹਿਰ ਵਿੱਚ ਚੱਕਾ ਜਾਮ ਕੀਤਾ ਜਾਵੇਗਾ ਤੇ ਧਰਨੇ ਦਿੱਤੇ ਜਾਣਗੇ, ਵਾਪਰਨ ਵਾਲੇ ਨੁਕਸਾਨ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

ਕਾਤਰਾਂ

ਬਿਲਾਸਪੁਰ ਦੇ ਨੌਜਵਾਨ ਦੀ ਕੈਨੇਡਾ 'ਚ ਮੌਤ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਪਿੰਡ ਬਿਲਾਸਪੁਰ ਦੇ ਨੌਜੁਆਨ ਮਹਿਕਪ੍ਰੀਤ ਸਿੰਘ ਦੀ ਕੈਨੇਡਾ ਦੇ ਸਰੀ ਵਿਖੇ ਭੇਦਭਰੀ ਹਾਲਤ ਵਿੱਚ ਮੌਤ ਹੋ ਗਈ। ਮਹਿਕਪ੍ਰੀਤ ਸਿੰਘ ਕੁਝ ਸਮਾਂ ਪਹਿਲਾਂ ਹੀ ਕੈਨੇਡਾ ਵਿਖੇ ਪੜ੍ਹਾਈ ਕਰਨ ਲਈ ਗਿਆ ਸੀ। ਪਰਿਵਾਰ ਨੇ ਉਸ ਨੂੰ ਕਰਜ਼ਾ ਚੁੱਕ ਕੇ ਕੈਨੇਡਾ ਵਿਖੇ ਪੜ੍ਹਾਈ ਕਰਨ ਲਈ ਭੇਜਿਆ ਸੀ। ਮ੍ਰਿਤਕ ਮਾਪਿਆਂ ਦਾ ਇਕਲੌਤਾ ਪੁੱਤਰ ਸੀ।

ਡਾ. ਖੁਰਾਣਾ ਨੇ ਵਿਦਿਆਰਥੀਆਂ ਨੂੰ ਹਲਕਾਅ ਬਾਰੇ ਦੱਸਿਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਪ੍ਰਾਇਮਰੀ ਸਕੂਲ ਗੁਲਾਬੇਵਾਲਾ ਵਿਖੇ ਡਾ. ਅਨੁਭਵ ਖੁਰਾਣਾ ਵੱਲੋਂ ਸਕੂਲ ਦੇ ਵਿਦਿਆਰਥੀਆਂ ਨੂੰ ਕਿਸੇ ਕੁੱਤੇ ਵੱਲੋਂ ਕੱਟੇ ਲਏ ਜਾਣ ਤੋਂ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਘਰ ਦੇ ਘਰੇਲੂ ਕੁੱਤੇ ਨੂੰ ਹਰ ਸਾਲ ਹਲਕਾਅ ਤੋਂ ਬਚਾਉਣ ਲਈ ਸਾਰੇ ਸਰਕਾਰੀ ਡੰਗਰ ਹਸਪਤਾਲਾਂ ਵਿੱਚ ਟੀਕੇ ਮੁਫ਼ਤ ਲਗਾਏ ਜਾਂਦੇ ਹਨ।ਜੇਕਰ ਕੋਈ ਕੁੱਤਾ ਘਰੇਲੂ ਜਾਂ ਆਵਾਰਾ ਕੱਟ ਲਵੇ ਤਾਂ ਡਾਕਟਰ ਕੋਲ ਜ਼ਰੂਰ ਜਾਣਾ ਚਾਹੀਦਾ ਹੈ।ਇਸ ਮੌਕੇ ਸੈਂਟਰ ਹੈੱਡ ਟੀਚਰ ਪ੍ਰਗਟ ਸਿੰਘ ਜੰਬਰ ਵੱਲੋਂ ਡਾਕਟਰ ਦਾ ਸਵਾਗਤ ਕੀਤਾ ਗਿਆ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਵੱਡਮੁੱਲੀ ਜਾਣਕਾਰੀ ਦਿੱਤੀ।ਇਸ ਮੌਕੇ ਭੋਲਾ ਸਿੰਘ ਤੇ ਪਰਮਜੀਤ ਸਿੰਘ ਵੀ ਹਾਜ਼ਰ ਸਨ।

ਐੱਲ. ਡੀ. ਆਰ. ਕੌਨਵੈਂਟ ਸਕੂਲ 'ਚ ਏ ਆਈ ਦੀ ਵਰਤੋਂ 'ਤੇ ਸੈਮੀਨਾਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਐੱਲ. ਡੀ. ਆਰ. ਕੌਨਵੈਂਟ ਸਕੂਲ ਵਿਖੇ ਸੀ. ਬੀ. ਐੱਸ. ਈ. ਵੱਲੋਂ ਕਲਾਸਰੂਮ ਵਿੱਚ ਏ ਆਈ ਦੀ ਵਰਤੋਂ 'ਤੇ

ਹਰਿਆਣਾ ਦਾ ਭਿਵਾਨੀ ਬਣ ਗਿਆ ਹੈ ਨਕਲ ਦਾ ਗੜ੍ਹ : ਹਰਜੋਤ ਸਿੰਘ ਬੈਂਸ

ਚੰਡੀਗੜ੍ਹ (ਗੁਰਜੀਤ ਬਿੱਲਾ) : ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਪੁਲਸ ਨੇ ਭਿਵਾਨੀ ਦੇ ਇੱਕ ਮਾਸਟਰਮਾਈਂਡ ਦੀ ਅਗਵਾਈ ਵਾਲੇ ਹਰਿਆਣਾ ਸਥਿਤ ਅੰਤਰਰਾਜੀ ਨਕਲ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ ਜਿਸਨੇ ਕਥਿਤ ਤੌਰ 'ਤੇ ਬੀ ਐਫ ਯੂ ਐਚ ਐਸ ਫਰੀਦਕੋਟ ਫਾਰਮੇਸੀ ਭਰਤੀ ਪ੍ਰੀਖਿਆ ਵਿੱਚ ਅਤਿ-ਆਧੁਨਿਕ ਤਕਨਾਲੋਜੀ ਦੀ ਵਰਤੋਂ ਨਕਲ ਕਰਵਾਈ ਸੀ।ਇਸ ਨਾਲ ਹਰਿਆਣਾ ਦੇ ਸੰਗਠਿਤ ਨਕਲ ਨੈੱਟਵਰਕ ਦਾ ਪਰਦਾਫਾਸ਼ ਕੀਤਾ ਗਿਆ ਹੈ ਅਤੇ ਪੰਜਾਬ 'ਤੇ ਲੱਗੇ ਪੇਪਰ ਲੀਕ ਦੇ ਦੋਸ਼ਾਂ ਨੂੰ ਨਕਾਰ ਦਿੱਤਾ ਗਿਆ ਹੈ। ਇੱਥੇ ਪੇਡਾ ਕੰਪਲੈਕਸ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੀ ਸਿੱਖਿਆ ਪ੍ਰਣਾਲੀ ਪਾਰਦਰਸ਼ਤਾ ਅਤੇ ਯੋਗਤਾ 'ਤੇ ਅਧਾਰਤ ਹੈ, ਜਦੋਂ ਕਿ ਹਰਿਆਣਾ ਸਾਲਾਂ ਤੋਂ ਉੱਥੇ ਚੱਲ ਰਹੇ ਰੈਕੇਟ ਦੇ ਬਾਵਜੂਦ ਪ੍ਰੀਖਿਆ ਵਿੱਚ ਨਕਲ ਨੂੰ ਰੋਕਣ ਵਿੱਚ ਅਸਫਲ ਰਿਹਾ ਹੈ। ਸ੍ਰੀ ਬੈਂਸ ਨੇ ਕਿਹਾ, 'ਹਰਿਆਣਾ ਪੁਲਸ ਨਕਲ ਸਿੰਡੀਕੇਟ ਵਿਰੁੱਧ ਕਾਰਵਾਈ ਕਰਨ ਵਿੱਚ ਅਸਫਲ ਰਹੀ ਹੈ। ਇਹ ਪੰਜਾਬ ਪੁਲਿਸ ਸੀ ਜਿਸਨੇ ਬੀ.ਐਫ.ਯੂ.ਐਚ.ਐਸ. ਫਰੀਦਕੋਟ ਫਾਰਮੇਸੀ ਨਕਲ ਮਾਮਲੇ ਨੂੰ ਸੁਲਝਾਇਆ, ਜਿਸ ਦੀਆਂ ਤਾਰਾਂ ਭਿਵਾਨੀ ਦੇ ਮਾਸਟਰਮਾਈਂਡ ਨਾਲ ਜੁੜੀਆਂ ਹੋਈਆਂ ਸਨ। ਉਨ੍ਹਾ ਦੋਸ਼ ਲਗਾਉਂਦਿਆਂ ਕਿਹਾ, ਹਰਿਆਣਾ ਵਿੱਚ ਭਿਵਾਨੀ ਸਿਰਫ਼ ਇੱਕ ਸ਼ਹਿਰ ਨਹੀਂ ਹੈ, ਇਹ ਨਕਲ ਦਾ ਗੜ੍ਹ ਹੈ। ਉਨ੍ਹਾਂ ਕਿਹਾ, ਮਾਸਟਰਮਾਈਂਡ ਹਰਿਆਣਾ ਦੇ ਭਿਵਾਨੀ ਦਾ ਰਹਿਣ ਵਾਲਾ ਹੈ। ਇਹ ਹੈਂਡਲਰ ਸਾਲਾਂ ਤੋਂ ਹਰਿਆਣਾ ਵਿੱਚ ਅਜਿਹੀਆਂ ਗਤੀਵਿਧੀਆਂ ਨੂੰ ਅੰਜਾਮ ਦਿੰਦੇ ਸਨ। ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਸਿੱਖਿਆ ਸੁਧਾਰਾਂ ਦੇ ਸ਼ਾਨਦਾਰ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ, ਸਾਲ 2026 ਵਿੱਚ 361 ਵਿਦਿਆਰਥੀਆਂ ਨੇ ਜੇਈਈ (ਮੇਨ) ਅਤੇ 64 ਨੇ ਜੇਈਈ (ਐਡਵਾਂਸਡ) ਪਾਸ ਕੀਤੀ। ਇਸੇ ਤਰ੍ਹਾਂ ਨੀਟ ਪਾਸ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਸਾਲ 2024 ਵਿੱਚ 437 ਤੋਂ 2026 ਵਿੱਚ 882 ਹੋ ਗਈ। ਇਹ ਦੋ ਸਾਲਾਂ ਵਿੱਚ 100 ਫ਼ੀਸਦ ਤੋਂ ਵੱਧ ਦੇ ਵਾਧੇ ਨੂੰ ਦਰਸਾਉਂਦਾ ਹੈ। ਸਾਲ 2022 ਵਿੱਚ 80 ਤੋਂ ਘੱਟ ਵਿਦਿਆਰਥੀਆਂ ਨੇ ਇਹ ਸਫਲਤਾ ਹਾਸਲ ਕੀਤੀ ਸੀ ਜੋ ਅੱਜ 882 ਵਿਦਿਆਰਥੀਆਂ ਤੱਕ ਪਹੁੰਚ ਗਈ ਹੈ। ਇਹ ਮਿਆਰੀ ਸਿੱਖਿਆ ਨਾਲ ਹੀ ਸੰਭਵ ਹੋਇਆ ਹੈ। ਸ੍ਰੀ ਬੈਂਸ ਨੇ ਕਾਨਫਰੰਸ ਦੌਰਾਨ ਕਿਹਾ, 'ਜੇਕਰ ਕੋਈ ਮੈਨੂੰ ਨਿੱਜੀ ਤੌਰ 'ਤੇ ਨਿਸ਼ਾਨਾ ਬਣਾਉਂਦਾ ਹੈ, ਤਾਂ ਮੈਨੂੰ ਕੋਈ ਪਰਵਾਹ ਨਹੀਂ ਹੈ।ਮੈਂ ਇੱਕ ਆਮ ਆਦਮੀ ਹਾਂ।ਪਰ ਮੈਂ ਆਪਣੇ ਪੰਜਾਬ, ਆਪਣੇ ਮੁੱਖ ਮੰਤਰੀ ਮਾਨ ਜਾਂ ਆਪਣੇ ਵਿਦਿਆਰਥੀਆਂ ਵਿਰੁੱਧ ਇੱਕ ਸ਼ਬਦ ਵੀ ਨਹੀਂ ਸੁਣਾਂਗਾ। ਚਾਰ ਸਾਲਾਂ ਤੋਂ, ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਸਾਡੇ ਬਾਰੇ ਝੂਠ ਫੈਲਾਉਂਦੇ ਰਹੇ ਹਨ।ਪਰ ਅੱਜ, ਪੂਰਾ ਦੇਸ਼ ਸੱਚ ਜਾਣਦਾ ਹੈ ਆਈ.ਜੀ.ਪੀ. ਜਗਦਲੇ ਨੇ ਕਿਹਾ 'ਮੈਂ ਇੱਕ ਗੱਲ ਬਿਲਕੁਲ ਸਪਸ਼ਟ ਕਰਨਾ ਚਾਹੁੰਦੀ ਹਾਂ ਕਿ ਇਹ ਪੇਪਰ ਲੀਕ ਹੋਣ ਦਾ ਮਾਮਲਾ ਨਹੀਂ ਹੈ।ਇਹ ਅੰਤਰ-ਰਾਜੀ ਸਬੰਧਾਂ ਵਾਲਾ ਇੱਕ ਸੰਗਠਿਤ ਅਤੇ ਤਕਨਾਲੋਜੀ-ਅਧਾਰਿਤ ਧੋਖਾਧੜੀ ਦਾ ਰੈਕੇਟ ਹੈ।' ਉਨ੍ਹਾਂ ਅੱਗੇ ਕਿਹਾ, 'ਹੁਣ ਤੱਕ 10 ਹੈਂਡਲਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਗਲਤ ਢੰਗਾਂ ਦੀ ਵਰਤੋਂ ਕਰਨ ਵਾਲੇ 25 ਉਮੀਦਵਾਰਾਂ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਗਿਆ ਹੈ।' ਆਈ ਜੀ ਪੀ ਨੇ ਦੱਸਿਆ ਕਿ ਇਸ ਰੈਕੇਟ ਵਿੱਚ ਹੁਣ ਤੱਕ 13 ਹੈਂਡਲਰਾਂ ਦੀ ਪਛਾਣ ਕੀਤੀ ਜਾ ਚੁੱਕੀ ਹੈ, ਜਿਨ੍ਹਾਂ ਵਿੱਚੋਂ ਅੱਠ ਹਰਿਆਣਾ ਅਤੇ ਰਾਜਸਥਾਨ ਦੇ ਹਨ, ਜਦੋਂ ਕਿ ਪੰਜ ਵਿਆਕਤੀ ਪੰਜਾਬ ਦੇ ਹਨ। ਆਈ.ਜੀ.ਪੀ. ਜਗਦਲੇ ਨੇ ਕਿਹਾ, 'ਪੰਜਾਬ ਪੁਲਸ ਦੀ ਅਪਰਾਧ, ਭ੍ਰਿਸ਼ਟਾਚਾਰ ਅਤੇ ਗ਼ਲਤ ਤਰੀਕਿਆਂ ਖ਼ਿਲਾਫ਼ ਜ਼ੀਰੋ-ਟਾਲਰੈਂਸ ਨੀਤੀ ਹੈ ਅਤੇ ਇਸ ਤਹਿਤ ਅਸੀਂ ਸਾਡੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਖ਼ਿਲਾਫ਼ ਇਸੇ ਤਰ੍ਹਾਂ ਦੀ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼ਰਾਰਤੀ ਅਨਸਰਾਂ ਨੂੰ ਨਕੇਲ ਪਾਉਣ ਦਾ ਭਾਜਪਾ ਵਫ਼ਦ ਨੂੰ ਮਿਲਿਆ ਭਰੋਸਾ : ਰਸ਼ਪਾਲ ਚਰੜ

ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)- ਟਾਂਡਾ ਥਾਣਾ ਵਿਖੇ ਨਵ ਨਿਯੁਕਤ ਐਸ.ਐਚ.ਓ ਟਾਂਡਾ ਵੱਲੋਂ ਥਾਣੇ ਦਾ ਚਾਰਜ ਸੰਭਾਲਣ 'ਤੇ ਉਨ੍ਹਾਂ ਨੂੰ ਜੀ ਆਇਆਂ ਕਹਿਣ, ਸ਼ਹਿਰ ਦੀਆਂ ਸਮੱਸਿਆਵਾਂ ਸੰਬੰਧੀ ਜਾਣਕਾਰੀ ਦੇਣ ਅਤੇ ਉਨ੍ਹਾਂ ਨੂੰ ਸਨਮਾਨਤ ਕਰਨ ਲਈ ਭਾਜਪਾ ਦੇ ਉੱਘੇ ਨੇਤਾ ਰਸ਼ਪਾਲ ਸਿੰਘ ਚਰੜ ਦੀ ਅਗਵਾਈ ਵਿੱਚ ਉੱਘੇ ਸਮਾਜ ਸੇਵੀ ਦੀਪਕ ਕੁਮਾਰ ਅਤੇ ਯੁਵਾ ਨੇਤਾ ਰੋਹਿਤ ਸੈਣੀ ਸਮੇਤ ਭਾਜਪਾ ਦੇ ਇੱਕ ਵਫ਼ਦ ਨੇ ਇੰਸਪੈਕਟਰ ਅਮਰਜੀਤ ਕੌਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਗੁਲਦਸਤਾ ਭੇਟ ਕਰਕੇ ਸਨਮਾਨਤ ਕੀਤਾ। ਟਾਂਡਾ ਇਲਾਕੇ ਵਿੱਚ ਦਰਪੇਸ਼ ਅੌਕੜਾਂ ਸੰਬੰਧੀ ਥਾਣਾ ਮੁਖੀ ਨੂੰ ਜਾਣਕਾਰੀ ਦਿੰਦੇ ਹੋਏ ਰਸ਼ਪਾਲ ਸਿੰਘ ਚਰੜ ਨੇ ਕਿਹਾ ਕਿ ਦਿਨ-ਬ-ਦਿਨ ਵਧ ਰਹੀ ਟਰੈਫਿਕ ਕਾਰਨ ਟਾਂਡਾ ਦੇ ਚੌਕਾਂ ਅਤੇ ਮੇਨ ਬਾਜ਼ਾਰਾਂ ਵਿੱਚ ਅਕਸਰ ਜਾਮ ਲੱਗਦੇ ਰਹਿੰਦੇ ਹਨ ਜਿਸ ਕਾਰਨ ਜਿਥੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉੱਥੇ ਕਈ ਵਾਰ ਆਪਸੀ ਝਗੜੇ ਵੀ ਹ�ो ਜਾਂਦੇ ਹਨ। ਉਨ੍ਹਾਂ ਇਲਾਕੇ ਵਿੱਚ ਵਧ ਰਹੇ ਨਸ਼ਿਆਂ 'ਤੇ ਚਿੰਤਾ ਜ਼ਾਹਿਰ ਕਰਦੇ ਹੋਏ ਕਿਹਾ ਕਿ ਨਸ਼ਿਆਂ ਦੇ ਸੌਦਾਗਰ ਰਾਤੋ ਰਾਤ ਅਮੀਰ ਬਣਨ ਦੀ ਲਾਲਸਾ ਵਿੱਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀਆਂ ਅਲਾਮਤਾਂ ਵਿੱਚ ਗਰਤ ਕਰੀ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਰਾਰਤੀ ਅਨਸਰ ਆਏ ਦਿਨ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਬੇਧੜਕ ਹੋ ਕੇ ਅੰਜਾਮ ਦਿੰਦੇ ਜਾ ਰਹੇ ਹਨ ਜਿਸ ਕਾਰਨ ਦੇਰ ਸਵੇਰ ਸਫਰ ਕਰਨ ਵਾਲੇ ਲੋਕਾਂ ਦੇ ਮਨਾਂ ਵਿੱਚ ਦਹਿਸ਼ਤ ਭਰਿਆ ਮਾਹੌਲ ਬਣਿਆ ਹੋਇਆ ਹੈ। ਨਵ ਨਿਯੁਕਤ ਐਸ.ਐਚ.ਓ ਇੰਸਪੈਕਟਰ ਅਮਰਜੀਤ ਕੌਰ ਨੇ ਆਏ ਹੋਏ ਵਫਦ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਜ਼ਿਲਾ ਪੁਲਸ ਮੁਖੀ ਸੰਦੀਪ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ਰਾਰਤੀ ਅਨਸਰਾਂ ਨੂੰ ਨਕੇਲ ਪਾਉਣ ਲਈ ਆਮ ਜਨਤਾ ਦੇ ਸਹਿਯੋਗ ਨਾਲ ਠੋਸ ਉਪਰਾਲੇ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਵਧ ਰਹੀ ਟਰੈਫਿਕ ਨੂੰ ਕੰਟਰੋਲ ਕਰਨ ਲਈ ਸ਼ਹਿਰ ਦੇ ਚੌਕਾਂ ਵਿੱਚ ਪੁਲਿਸ ਨਾਕਿਆਂ ਵਿੱਚ ਹੋਰ ਵਾਧਾ ਕਰ ਦਿੱਤਾ ਜਾਵੇਗਾ ਅਤੇ ਬਾਜ਼ਾਰਾਂ ਵਿੱਚ ਲੱਗਣ ਵਾਲੇ ਟਰੈਫਿਕ ਜਾਮ ਨੂੰ ਖਤਮ ਕਰਨ ਲਈ ਟਰੈਫਿਕ ਪੁਲਸ ਦੀ ਗਸ਼ਤ ਦੇ ਪੁਖਤਾ ਪ੍ਰਬੰਧ ਕਰ ਦਿੱਤੇ ਜਾਣਗੇ । ਉਨ੍ਹਾਂ ਨਜਾਇਜ ਧੰਦੇ ਕਰਨ ਵਾਲੇ ਗੈਂਗਸਟਰਾਂ ਅਤੇ ਨਸ਼ਿਆਂ ਦੇ ਸੌਦਾਗਰਾਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਉਨ੍ਹਾਂ ਨੇ ਆਪਣੇ ਨਜਾਇਜ਼ ਧੰਦੇ ਅਤੇ ਨਸ਼ਿਆਂ ਦੀ ਸਮਗਲਿੰਗ ਬੰਦ ਨਹੀਂ ਕੀਤੀ ਤਾਂ ਉਨ੍ਹਾਂ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕਰਕੇ ਉਨ੍ਹਾਂ ਨੂੰ ਜੇਲ ਭੇਜ ਦਿੱਤਾ ਜਾਵੇਗਾ।

ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਤੇ ਸਮੂਹ ਅਹੁਦੇਦਾਰ ਦਰਗਾਹ ਪੰਜ ਪੀਰ ਵਿਖੇ ਹੋਏ ਨਤਮਸਤਕ

ਕਪੂਰਥਲਾ (ਪ੍ਰੀਤ ਸੰਗੋਜਲਾ)- ਚੰਡੀਗੜ੍ਹ ਅਤੇ ਪੰਜਾਬ ਜਰਨਲਿਸਟ ਯੂਨੀਅਨ (ਰਜਿ.) ਕਪੂਰਥਲਾ ਇਕਾਈ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਪ੍ਰੀਤ ਸੰਗੋਜਲਾ ਤੇ ਅਹੁਦੇਦਾਰਾਂ ਦੀ ਪੂਰੀ ਟੀਮ ਨੇ ਕਾਂਜਲੀ ਰੋਡ ਸਥਿਤ ਇਤਿਹਾਸਕ ਦਰਗਾਹ ਪੰਜ ਪੀਰ ਵਿਖੇ ਮੱਥਾ ਟੇਕ ਕੇ ਸਰਬੱਤ ਦੇ ਭਲੇ, ਪੱਤਰਕਾਰ ਭਾਈਚਾਰੇ ਦੀ ਤਰੱਕੀ ਅਤੇ ਸਮਾਜ ਵਿੱਚ ਅਮਨ-ਸ਼ਾਂਤੀ ਲਈ ਅਰਦਾਸ ਕੀਤੀ।ਇਸ ਮੌਕੇ ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਅਤੇ ਐਡਵੋਕੇਟ ਹਰਜੀਤ ਸਿੰਘ ਨੇ ਕਿਹਾ ਕਿ ਉਹ ਪੱਤਰਕਾਰਾਂ ਦੇ ਹੱਕਾਂ ਦੀ ਰੱਖਿਆ, ਪੱਤਰਕਾਰੀ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਅਤੇ ਸਮਾਜ ਦੇ ਭਲੇ ਲਈ ਹਮੇਸ਼ਾ ਵਚਨਬੱਧ ਰਹਿਣਗੇ। ਉਨ੍ਹਾਂ ਕਿਹਾ ਕਿ ਯੂਨੀਅਨ ਹਮੇਸ਼ਾ ਸੱਚੀ, ਨਿਰਪੱਖ ਅਤੇ ਜ਼ਿੰਮੇਵਾਰ ਪੱਤਰਕਾਰੀ ਨੂੰ ਉਤਸ਼ਾਹਤ ਕਰਨ ਲਈ ਕੰਮ ਕਰੇਗੀ।ਦਰਗਾਹ ਵਿਖੇ ਨਤਮਸਤਕ ਹੋਣ ਉਪਰੰਤ ਦਰਗਾਹ ਦੇ ਮੁੱਖ ਸੇਵਾਦਾਰ ਬੀਬੀ ਸ਼ੱਬੋ ਸਰਕਾਰ ਅਤੇ ਬਾਬਾ ਵਿਜੇ ਕੁਮਾਰ ਹਮੀਰਾ ਵੱਲੋਂ ਸਮੂਹ ਅਹੁਦੇਦਾਰਾਂ ਨੂੰ ਸਨਮਾਨਤ ਕੀਤਾ ਗਿਆ। ਸਮੂਹ ਅਹੁਦੇਦਾਰਾਂ ਨੇ ਯੂਨੀਅਨ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਪੱਤਰਕਾਰ ਭਾਈਚਾਰੇ ਦੀ ਏਕਤਾ ਲਈ ਮਿਲ ਕੇ ਕੰਮ ਕਰਨ ਦਾ ਸੰਕਲਪ ਵੀ ਲਿਆ। ਇਸ ਮੌਕੇ ਐਡਵੋਕੇਟ ਹਰਜੀਤ ਸਿੰਘ, ਜ਼ਿਲ੍ਹਾ ਪ੍ਰਧਾਨ ਪ੍ਰੀਤ ਸੰਗੋਜਲਾ, ਜਰਨਲ ਸਕੱਤਰ ਬਰਿੰਦਰ ਚਾਨਾ, ਚੇਅਰਮੈਨ ਜੋਗਿੰਦਰ ਜਾਤੀਕੇ, ਸਰਪ੍ਰਸਤ ਅਵਿਨਾਸ਼ ਸ਼ਰਮਾ, ਉਪ ਪ੍ਰਧਾਨ ਸੁਖਵਿੰਦਰ ਸੋਹੀ, ਤਰਲੋਚਨ ਚਾਹਲ, ਪਰਮਜੀਤ ਸੰਨੀ, ਹਰਜਿੰਦਰ ਸਿੰਘ ਬਤਾਲਵੀ ਆਦਿ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਮੇਹਰਚੰਦ ਪੋਲੀਟੈਕਨਿਕ ਵਿਖੇ ਨਵਾਂ ਪ੍ਰਾਸਪੈਕਟਸ ਰਿਲੀਜ਼

ਜਲੰਧਰ (ਸ਼ੈਲੀ ਐਲਬਰਟ)- ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਨਵੇਂ ਸੈਸ਼ਨ ਸ਼ੁਰੂ ਹੋਣ ਤੇ ਕਾਲਜ ਦਾ 2026-27 ਦਾ ਨਵਾਂ ਪ੍ਰਾਸਪੈਕਟਸ ਕੁੰਦਨ ਲਾਲ ਅਗਰਵਾਲ ਮੈਂਬਰ ਡੀ.ਏ.ਵੀ ਸੀ .ਐਮ.ਸੀ , ਡਾ. ਜਗਰੂਪ ਸਿੰਘ ਪ੍ਰਿੰਸੀਪਲ ਮੇਹਰ ਚੰਦ ਪੋਲੀਟੈਕਨਿਕ ਅਤੇ ਸਮੂਹ ਵਿਭਾਗ ਮੁਖੀਆਂ ਨੇ ਰਿਲੀਜ਼ ਕੀਤਾ।

ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਸ ਪ੍ਰਾਸਪੈਕਟਸ ਨੂੰ ਕਾਲਜ ਦੀ ਬਾਈਬਲ ਕਿਹਾ , ਜਿੱਥੇ ਵਿਦਆਰਥੀਆਂ ਨੂੰ ਕਾਲਜ ਦੀਆਂ ਗਤੀਵਿਧੀਆਂ , ਨਿਯਮਾਂ , ਮੈਨੇਜਮੈਂਟ ਅਤੇ ਵਿਭਾਗਾਂ ਦੀ ਜਾਣਕਾਰੀ, ਪ੍ਰਾਪਤੀਆਂ, ਐਵਾਰਡ ਕੋਰਸਾਂ ਦੀ ਜਾਣਕਾਰੀ , ਵਿਜ਼ਨ - ਮਿਸ਼ਨ , ਸਕਾਲਰਸ਼ਿਪ, ਅਕੈਡਮਿਕ ਫੀਸ, ਮਨੁੱਖੀ ਕਦਰਾਂ - ਕੀਮਤਾ ਨਾਲ ਜੁੜੇ ਕਲੱਬਾਂ, ਵੈਦਿਕ ਸਿਧਾਂਤਾਂ ਤੇ ਹੋਰ ਸਮੱਗਰੀ ਦੀ ਜਾਣਕਾਰੀ ਦਰਸਾਈ ਗਈ ਹੈ। ਇਸ ਪ੍ਰਾਸਪੈਕਟਸ ਦੀ ਇਕ ਕਾਪੀ ਮੁੱਖ ਮਹਿਮਾਨ ਆਏ ਹੋਏ ਪ੍ਰਿੰਸੀਪਲ ਸਹਿਬਾਨਾਂ ਨੂੰ ਵੀ ਦਿੱਤੀ ਹੈ ਅਤੇ ਸਮੂਹ ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਵੀ ਵੰਡੀ ਗਈ। ਇਸ ਪ੍ਰਾਸਪੈਕਟਸ ਦੇ ਮੁੱਖ ਪੰਨੇ 'ਤੇ ਵੱਡੇ ਆਕਾਰ ਵਿਚ ਕਾਲਜ ਵਲੋਂ ਪ੍ਰਾਪਤ ਨੈਸ਼ਨਲ ਐਵਾਰਡ ਦੀ ਤਸਵੀਰ ਲਗਾਈ ਗਈ ਹੈ ਤੇ ਆਖਰੀ ਪੰਨੇ ਤੇ ਕਾਲਜ ਵਲੋਂ ਹਾਸਲ ਕੀਤੀਆਂ ਪ੍ਰਾਪਤੀਆਂ ਨੂੰ ਬ੍ਰਹਿਮੰਡ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਬੀਤੇ ਸਾਲ ਦੀਆਂ ਗਤੀਵਿਧੀਆਂ ਨੂੰ ਵੀ ਖੂਬਸੂਰਤ ਢੰਗ ਨਾਲ ਰੰਗਦਾਰ ਚਿੱਤਰਾਂ ਨਾਲ ਪਰੋਇਆ ਗਿਆ ਹੈ। ਕੁੰਦਨ ਲਾਲ ਨੇ ਇਸ ਪ੍ਰਾਸਪੈਕਟਸ ਨੂੰ ਇਕ ਅਹਿਮ ਖੂਬਸੂਰਤ ਦਸਤਾਵੇਜ਼ ਦੱਸਿਆ।

ਸਫਾਈ ਕਰਮਚਾਰੀਆਂ ਦੀ ਤਨਖ਼ਾਹ ਦੁੱਗਣੀ ਕਰਨਾ ਇਨਸਾਨੀਅਤ ਤੇ ਮਿਹਨਤ ਦਾ ਸਨਮਾਨ : ਐਡਵੋਕੇਟ ਸੰਜੀਵ ਚੇਚੀ

ਬਲਾਚੌਰ (ਜਸਵਿੰਦਰ ਬੈਂਸ)- ਪੰਜਾਬ ਸਰਕਾਰ ਵੱਲੋਂ ਸ਼ਹਿਰੀ ਸਥਾਨਕ ਇਕਾਈਆਂ ਵਿੱਚ ਠੇਕੇ ਦੇ ਆਧਾਰ 'ਤੇ ਸੇਵਾਵਾਂ ਨਿਭਾ ਰਹੇ ਸਫਾਈ ਕਰਮਚਾਰੀਆਂ ਅਤੇ ਸੀਵਰਮੈਨਾਂ ਦੀ ਮਹੀਨਾਵਾਰ ਤਨਖ਼ਾਹ 10,500 ਰੁਪਏ ਤੋਂ ਵਧਾ ਕੇ 20,500 ਰੁਪਏ ਕਰਨ ਦੇ ਫੈਸਲੇ ਦਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਐਡਵੋਕੇਟ ਸੰਜੀਵ ਚੇਚੀ ਨੇ ਦਿਲੋਂ ਸਵਾਗਤ ਕਰਦਿਆਂ ਇਸ ਨੂੰ ਸਫਾਈ ਕਰਮਚਾਰੀਆਂ ਦੀ ਮਿਹਨਤ ਅਤੇ ਸਮਰਪਣ ਦਾ ਸਨਮਾਨ ਕਰਾਰ ਦਿੱਤਾ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਚੀ ਨੇ ਕਿਹਾ ਕਿ ਮੁੱਖ ਮੰਤਰੀ ਸਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਮੇਸ਼ਾ ਮਜ਼ਦੂਰਾਂ, ਕਿਰਤੀਆਂ ਅਤੇ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਰਹੀ ਹੈ। ਸਫਾਈ ਕਰਮਚਾਰੀ ਹਰ ਮੌਸਮ ਅਤੇ ਹਰ ਹਾਲਾਤ ਵਿੱਚ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਨੂੰ ਸਾਫ਼-ਸੁਥਰਾ ਵਾਤਾਵਰਨ ਮੁਹੱਈਆ ਕਰਵਾਉਂਦੇ ਹਨ, ਇਸ ਲਈ ਉਨ੍ਹਾਂ ਨੂੰ ਬਣਦਾ ਮਾਣ-ਸਨਮਾਨ ਅਤੇ ਆਰਥਿਕ ਸੁਰੱਖਿਆ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਤਨਖ਼ਾਹ ਵਿੱਚ ਲਗਭਗ ਦੁੱਗਣਾ ਵਾਧਾ ਹਜ਼ਾਰਾਂ ਪਰਵਾਰਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰੇਗਾ ਅਤੇ ਸਫਾਈ ਕਰਮਚਾਰੀਆਂ ਦਾ ਮਨੋਬਲ ਵੀ ਵਧਾਏਗਾ। ਇਹ ਫੈਸਲਾ ਪੰਜਾਬ ਸਰਕਾਰ ਦੀ ਕਿਰਤੀ ਵਰਗ ਪ੍ਰਤੀ ਸੰਵੇਦਨਸ਼ੀਲ ਸੋਚ ਅਤੇ ਲੋਕ-ਭਲਾਈ ਵਾਲੀਆਂ ਨੀਤੀਆਂ ਦਾ ਸਪੱਸ਼ਟ ਪ੍ਰਮਾਣ ਹੈ। ਚੇਚੀ ਨੇ ਕਿਹਾ ਕਿ ਮਾਨ ਸਰਕਾਰ ਨੇ ਸਿਰਫ਼ ਸਫਾਈ ਕਰਮਚਾਰੀਆਂ ਲਈ ਹੀ ਨਹੀ

ਜਾਲ੍ਹੀ ਮਾਈਨਿੰਗ ਅਫ਼ਸਰ ਬਣ ਗੁੰਡਾ ਟੈਕਸ ਵਸੂਲਦਾ ਡਰਾਈਵਰ ਸਣੇ ਕਾਬੂ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਨਕਲੀ ਮਾਈਨਿੰਗ ਅਫ਼ਸਰ ਬਣਕੇ ਟਿੱਪਰ ਤੇ ਟਰੈਕਟਰ ਟਰਾਲੀ ਚਾਲਕਾਂ ਤੋਂ ਨਾਜਾਇਜ਼ ਵਸੂਲੀ ਕਰਨ ਦੇ ਸਿਲਸਿਲੇ 'ਚ ਹਾਜੀਪੁਰ ਪੁਲਸ ਨੇ ਦੋ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਇਆਂ ਟਿੱਪਰ ਯੂਨੀਅਨ ਮਾਲਕ ਹਾਜੀਪੁਰ ਤੇ ਮੁਕੇਰੀਆਂ ਦੇ ਪ੍ਰਧਾਨ ਬਲਰਾਜ ਸਿੰਘ ਨੇ ਦਸਿਆ ਕਿ ਲੰਘੀ 26 ਤਾਰੀਕ ਨੂੰ ਰਾਤ ਦੇ ਵਕਤ ਬ੍ਰੇਜਾ ਗੱਡੀ ਸਵਾਰ ਦੋ ਵਿਅਕਤੀ ਕਦੇ ਪੇਪਰ ਮਿੱਲ ਮੁਕੇਰੀਆਂ, ਕਦੇ ਤਲਵਾੜਾ ਤੋਂ ਮੁਕੇਰੀਆਂ ਰੋਡ ਅਤੇ ਕਦੇ ਹਾਜੀਪੁਰ ਤੋਂ ਦਸੂਹਾ ਰੋਡ 'ਤੇ ਨਾਕਾ ਲਗਾਉਂਦੇ।ਮਾਈਨਿੰਗ ਸਮੱਗਰੀ ਲੈ ਕੇ ਲੰਘਦੇ ਟਿੱਪਰ ਅਤੇ ਟਰੈਕਟਰ ਟਰਾਲੀ ਚਾਲਕਾਂ ਨੂੰ ਜਾਅਲੀ ਮਾਈਨਿੰਗ ਅਫ਼ਸਰ ਬਣ ਕੇ ਰੋਕਦੇ, ਧਮਕੀਆਂ ਦਿੰਦੇ ਅਤੇ ਪ੍ਰਤੀ ਗੱਡੀ ਇੱਕ ਹਜ਼ਾਰ ਤੋਂ ਦੋ ਹਜ਼ਾਰ ਰੁਪਏ ਤੱਕ ਕਥਿਤ ਵਸੂਲੀ ਕਰ ਰਹੇ ਸਨ।ਇਹ ਵਿਅਕਤੀ ਵਸੂਲੀ ਦੀ ਪਰਚੀ ਚੌਹਾਨ ਟੈਕਸੀ ਦੇ ਨਾਂਅ 'ਤੇ ਕੱਟਦੇ ਸਨ, ਜਿਸ ਦੀ ਲਿਖਤੀ ਸ਼ਿਕਾਇਤ ਟਿੱਪਰ ਯੂਨੀਅਨ ਨੇ 29 ਤਾਰੀਕ ਨੂੰ ਐਸ ਡੀ ਓ ਮਾਈਨਿੰਗ ਮੁਕੇਰੀਆਂ ਨੂੰ ਕੀਤੀ।ਮਾਈਨਿੰਗ ਵਿਭਾਗ ਦੇ ਐਸ ਡੀ ਓ ਹਰਜਿੰਦਰ ਪਾਲ ਸਿੰਘ, ਜੇ ਈ ਨੀਤਿਸ਼ ਅਤੇ ਹਰਦੀਪ ਸਿੰਘ ਦੀ ਟੀਮ ਨੇ ਲੰਘੇ ਬੁੱਧਵਾਰ ਦੀ ਦੇਰ ਰਾਤ ਕਥਿਤ ਵਸੂਲੀ ਤੋਂ ਦੁਖੀ ਟਿੱਪਰ ਚਾਲਕਾਂ ਦੇ ਸਹਿਯੋਗ ਨਾਲ ਉਕਤ ਵਿਅਕਤੀਆਂ ਨੂੰ ਬ੍ਰੇਜਾ ਗੱਡੀ ਸਮੇਤ ਕਾਬੂ ਕਰ ਲਿਆ ਅਤੇ ਅਗਲੇਰੀ ਬਣਦੀ ਕਾਰਵਾਈ ਲਈ ਹਾਜੀਪੁਰ ਪੁਲਸ ਹਵਾਲੇ ਕਰ ਦਿੱਤਾ ਸੀ। ਪਰ ਪੁਲਸ ਨੇ 30 ਤਾਰੀਕ ਤੱਕ ਕੋਈ ਮਾਮਲਾ ਦਰਜ ਨਹੀਂ ਕੀਤਾ ਸੀ।ਟਿੱਪਰ ਯੂਨੀਅਨ ਨੇ ਪ੍ਰਧਾਨ ਬਲਰਾਜ ਸਿੰਘ ਦੀ ਅਗਵਾਈ ਹੇਠ ਮੁਕੇਰੀਆਂ ਵਿਖੇ ਪ੍ਰੈਸ ਕਾਨਫਰੰਸ ਕੀਤੀ।ਇਸ ਦੌਰਾਨ ਉਨ੍ਹਾਂ ਦਸਿਆ ਕਿ ਇਨ੍ਹਾਂ ਵਿਅਕਤੀਆਂ 'ਤੇ ਪਠਾਨਕੋਟ 'ਚ ਵੀ ਜਾਅਲੀ ਡਰੱਗ ਇੰਸਪੈਕਟਰ ਬਣ ਕੇ ਨਾਜਾਇਜ਼ ਵਸੂਲੀ ਕਰਨ ਦੇ ਦੋਸ਼ ਹਨ। ਯੂਨੀਅਨ ਨੇ ਹਾਜੀਪੁਰ ਪੁਲਸ 'ਤੇ ਉਕਤ ਵਿਅਕਤੀਆਂ 'ਤੇ ਮਾਮਲਾ ਦਰਜ ਕਰਨ ਵਿੱਚ ਕੀਤੀ ਜਾ ਰਹੀ ਬੇਵਜ੍ਹਾ ਦੇਰੀ 'ਤੇ ਸਵਾਲ ਉਠਾਏ ਹਨ। ਐਸਡੀਓ ਮਾਈਨਿੰਗ ਮੁਕੇਰੀਆਂ ਹਰਜਿੰਦਰਪਾਲ ਸਿੰਘ ਨੇ ਉਕਤ ਘਟਨਾਂ ਦੀ ਪੁਸ਼ਟੀ ਕਰਦਿਆਂ ਮੁਲਜ਼ਮਾਂ ਨੂੰ ਹਾਜੀਪੁਰ ਪੁਲੀਸ ਹਵਾਲੇ ਕਰਨ ਦੀ ਪੁਸ਼ਟੀ ਕੀਤੀ ਹੈ।ਉਧੱਰੇ ਸਵਾਲਾਂ ਦੇ ਮੱਦੇਨਜ਼ਰ ਹਾਜੀਪੁਰ ਪੁਲਸ ਨੇ ਉਕਤ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮਾਂ ਦੀ ਪਛਾਣ ਰਵਿੰਦਰ ਸਿੰਘ (ਜਾਅਲੀ ਮਾਈਨਿੰਗ ਅਫ਼ਸਰ) ਅਤੇ ਹਰਪ੍ਰੀਤ ਸਿੰਘ (ਡਰਾਇਵਰ) ਵਾਸੀਆਨ ਬੱਲੋ ਚੌਹਾਨ ਥਾਣਾ ਮੁਕੇਰੀਆਂ ਵਜੋਂ ਹੋਈ ਹੈ।

ਰਾਜਾ ਵੜਿੰਗ 'ਆਪ' ਵਿਰੁੱਧ ਅਫਵਾਹਾਂ ਫੈਲਾਉਣ ਦੀ ਬਜਾਏ ਆਪਣਾ ਘਰ ਸੰਭਾਲਣ : ਬਲਤੇਜ ਪੰਨੂ

ਚੰਡੀਗੜ੍ਹ (ਗੁਰਜੀਤ ਬਿੱਲਾ) ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਤਿੱਖੀ ਆਲੋਚਨਾ ਕਰਦਿਆਂ ਦੋਸ਼ ਲਾਇਆ ਕਿ ਰਾਜਾ ਵੜਿੰਗ ਪੰਜਾਬ ਕਾਂਗਰਸ ਦੇ ਅੰਦਰ ਵਧ ਰਹੀ ਫੁੱਟ, ਉਲਝਣ ਅਤੇ ਲੀਡਰਸ਼ਿਪ ਦੇ ਸੰਕਟ ਤੋਂ ਜਨਤਾ ਦਾ ਧਿਆਨ ਭਟਕਾਉਣ ਲਈ 'ਆਪ' ਵਿਧਾਇਕਾਂ ਬਾਰੇ ਝੂਠੇ ਦਾਅਵੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਲੀਡਰਸ਼ਿਪ ਪੰਜਾਬ ਦੇ ਲੋਕਾਂ ਦੇ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਅੰਦਰੂਨੀ ਸੱਤਾ ਸੰਘਰਸ਼ਾਂ ਵਿੱਚ ਰੁੱਝੀ ਹੋਈ ਹੈ।ਬਲਤੇਜ ਪੰਨੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬਿਲਕੁਲ ਸਹੀ ਭਵਿੱਖਬਾਣੀ ਕੀਤੀ ਸੀ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਵਿਰੋਧੀ ਧਿਰਾਂ ਆਪਣਾ ਸਿਆਸੀ ਸੰਤੁਲਨ ਗੁਆ ਬੈਠਣਗੀਆਂ।ਉਨ੍ਹਾਂ ਅੱਗੇ ਕਿਹਾ, 'ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪਹਿਲਾਂ ਦਾਅਵਾ ਕੀਤਾ ਸੀ ਕਿ 30 ਤੋਂ 35 ਵਿਧਾਇਕ ਉਨ੍ਹਾਂ ਦੇ ਸੰਪਰਕ ਵਿੱਚ ਹਨ, ਪਰ ਬਾਅਦ ਵਿੱਚ ਉਹ ਇਹ ਦੋਸ਼ ਲਗਾਉਣ ਲੱਗ ਪਏ ਕਿ ਕਾਂਗਰਸ ਦੇ ਨਗਰ ਕੌਂਸਲਰਾਂ ਨੂੰ ਤੋੜਿਆ ਜਾ ਰਿਹਾ ਹੈ' ਉਨ੍ਹਾਂ ਕਿਹਾ, 'ਜੇਕਰ ਰਾਜਾ ਵੜਿੰਗ ਦੇ ਅੰਕੜਿਆਂ ਨੂੰ ਬਾਜਵਾ ਦੇ ਦਾਅਵਿਆਂ ਵਿੱਚ ਜੋੜ ਦਿੱਤਾ ਜਾਵੇ ਤਾਂ ਕਾਂਗਰਸ ਕੋਲ ਸਰਕਾਰ ਬਣਾਉਣ ਲਈ ਪਹਿਲਾਂ ਹੀ ਬਹੁਮਤ ਹੋ ਜਾਵੇਗਾ। ਇਸ ਤੋਂ ਇੱਕ ਸਾਧਾਰਨ ਸਵਾਲ ਖੜ੍ਹਾ ਹੁੰਦਾ ਹੈ ਕਿ ਜੇਕਰ ਉਨ੍ਹਾਂ ਨਾਲ ਇੰਨੇ ਮੈਂਬਰ ਹਨ ਤਾਂ ਕਾਂਗਰਸ ਨੇ ਆਪਣੀ ਸਰਕਾਰ ਕਿਉਂ ਨਹੀਂ ਬਣਾਈ? ਇਹ ਵਿਰੋਧੀ ਬਿਆਨ ਪਾਰਟੀ ਅੰਦਰ ਫੈਲੀ ਉਲਝਣ ਅਤੇ ਬੌਖਲਾਹਟ ਨੂੰ ਹੀ ਨੰਗਾ ਕਰਦੇ ਹਨ। 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਨੇ ਰਾਜਾ ਵੜਿੰਗ ਨੂੰ ਸਲਾਹ ਦਿੱਤੀ ਕਿ ਉਹ 'ਆਪ' ਬਾਰੇ ਕਾਲਪਨਿਕ ਦਾਅਵੇ ਕਰਨ ਦੀ ਬਜਾਏ ਕਾਂਗਰਸ ਦੇ ਬਚੇ-ਖੁਚੇ ਵਜੂਦ ਨੂੰ ਬਚਾਉਣ 'ਤੇ ਧਿਆਨ ਦੇਣ।

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਕੂਲਿੰਗ

ਬੰਗਾ (ਅਵਤਾਰ ਕਲੇਰ) ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦੀ ਸੂਬਾ ਵਰਕਿੰਗ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜੋਨ ਨਵਾਂਸ਼ਹਿਰ ਦੀਆਂ ਇਕਾਈਆਂ ਬੰਗਾ, ਨਵਾਂਸ਼ਹਿਰ ਅਤੇ ਗੜ੍ਹਸ਼ੰਕਰ ਦੀ ਸਕੂਲਿੰਗ ਮਲਕੀਤ ਚੰਦ ਮੋਹਲੀ ਯਾਦਗਾਰੀ ਹਾਲ ਬੰਗਾ ਰੋਡ ਨਵਾਂਸ਼ਹਿਰ ਵਿਖੇ ਹੋਈ।ਇਸ ਮੌਕੇ ਜੋਨ ਲੁਧਿਆਣਾ ਦੇ ਜਥੇਬੰਦਕ ਮੁਖੀ ਜਸਵੰਤ ਜੀਰਖ ਅਤੇ ਜੋਗਿੰਦਰ ਕੁੱਲੇਵਾਲ ਵਿਸ਼ੇਸ਼ ਤੌਰ 'ਤੇ ਪਹੁੰਚੇ।ਸਭ ਤੋਂ ਪਹਿਲਾਂ ਸੁਸਾਇਟੀ ਕਾਰਕੁੰਨਾਂ ਵੱਲੋਂ ਮੋਨ ਧਾਰਕੇ ਸ਼ਹੀਦ ਊਧਮ ਸਿੰਘ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਸ਼ਰਧਾਂਜਲੀ ਭੇਂਟ ਕੀਤੀ।ਉਪਰੰਤ ਜਸਵੰਤ ਸਿੰਘ ਜੀਰਖ ਨੇ ਸੰਸਥਾ ਦੇ ਸੰਵਿਧਾਨ ਅਤੇ ਐਲਾਨਾਮੇ ਬਾਰੇ ਵਿਸਥਾਰ ਨਾਲ ਸਮਾਝਾਇਆ।ਉਹਨਾਂ ਅਹੁਦੇਦਾਰਾਂ ਅਤੇ ਮੈਂਬਰਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਦੱਸਿਆ। ਸੂਬਾ ਆਗੂ ਜੋਗਿੰਦਰ ਕੁੱਲੇਵਾਲ ਵਲੋਂ ਇਕਾਈਆਂ ਦੀਆਂ ਸਮੱਸਿਆਵਾਂ, ਅਹੁਦੇਦਾਰਾਂ ਦੇ ਕੰਮ ਅਤੇ ਪਰਿਵਾਰਕ ਮਿਲਣੀਆਂ ਬਾਰੇ ਜਾਣਕਾਰੀ ਦਿੱਤੀ ਗਈ।ਬਾਅਦ ਬਹਿਸ ਵਿੱਚ ਭਾਗ ਲੈਂਦਿਆਂ ਲੈਕ. ਨਰੇਸ਼ ਕੁਮਾਰ ਗੜ੍ਹਸ਼ੰਕਰ ਨੇ ਕਿਹਾ ਡਾ. ਅੰਬੇਡਕਰ ਦੇ ਵਿਗਿਆਨਕ ਵਿਚਾਰਾਂ ਨੂੰ ਵੀ ਸੁਸਾਇਟੀ ਵੱਲੋਂ ਨਾਲ ਲੈ ਕੇ ਚੱਲਣਾ ਚਾਹੀਦਾ ਹੈ।ਲੈਕ. ਰਾਜ ਕੁਮਾਰ ਗੜ੍ਹਸ਼ੰਕਰ, ਬਲਵਿੰਦਰ ਕੌਰ ਸਲੋਹ, ਸੱਤਪਾਲ ਸਲੋਹ, ਨਿੰਦਰ ਮਾਈਦਿੱਤਾ, ਹਰਜਿੰਦਰ ਸੂੰਨੀ ਅਤੇ ਜਸਵੀਰ ਬੇਗਮਪੁਰੀ ਵਲੋਂ ਬਹਿਸ ਵਿੱਚ ਹਿੱਸਾ ਲਿਆ ਗਿਆ। ਮੈਂਬਰਾਂ ਵੱਲੋਂ ਉਠਾਏ ਸਵਾਲਾਂ ਦੇ ਜਵਾਬ ਬੁਲਾਰਿਆਂ ਨੇ ਬੜੇ ਸਾਰਥਕ ਢੰਗ ਨਾਲ ਦਿੱਤੇ।ਮਾਸਟਰ ਜਗਦੀਸ਼ ਰਾਏਪੁਰ ਡੱਬਾ ਅਤੇ ਬੇਟੇ ਵਿਵੇਕ ਵਲੋਂ ਗੀਤ ਪੇਸ਼ ਕੀਤੇ ਗਏ।ਇਸ ਮੌਕੇ ਕੁਲਵਿੰਦਰ ਖਟਕੜ, ਡਾ. ਰਾਮ ਲਾਲ, ਰੂਬੀ ਬੰਗਾ, ਰਾਜ ਕੁਮਾਰੀ ਲੰਗੇਰੀ, ਬਿਮਲਾ ਰਾਣੀ, ਕਮਲਜੀਤ ਕੌਰ, ਸੰਤੋਸ਼ ਖਟਕੜ, ਸੁਖਵਿੰਦਰ ਲੰਗੇਰੀ, ਸੁਖਵਿੰਦਰ ਗੋਗਾ, ਬਲਜਿੰਦਰ ਸ਼ਹਿਬਾਜ਼ਪੁਰ, ਮਾਸਟਰ ਪਰਮਜੀਤ ਖਮਾਚੋਂ, ਗੁਰਦੇਵ ਵਿਛੌੜੀ, ਬਲਵਿੰਦਰ ਨਵਾਂ ਸ਼ਹਿਰ, ਸੰਜੀਵ ਨਵਾਂ ਸ਼ਹਿਰ ਅਤੇ ਮਾਸਟਰ ਹਰਦੀਪ ਕੁਮਾਰ ਗੜ੍ਹਸ਼ੰਕਰ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਮਾ.ਜਗਦੀਸ਼ ਵਲੋਂ ਨਿਭਾਈ ਗਈ।

ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ

ਕਪੂਰਥਲਾ (ਮਨਜੀਤ ਮਾਨ) ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਪਿੰਡ ਰਾਮਪੁਰ ਜਗੀਰ ਸੁਲਤਾਨਪੁਰ ਲੋਧੀ ਵਿਖੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਇਆ ਗਿਆ ਇਸ ਮੌਕੇ ਸਰਪੰਚ ਸਾਹਿਬਾਨ ਅਸ਼ੈਬ ਸਿੰਘ ਸਰਪੰਚ, ਮੈਂਬਰ ਪ੍ਰਿਤਪਾਲ ਸਿੰਘ, ਮੈਂਬਰ ਬਲਜੀਤ ਸਿੰਘ, ਮੇਹਰ ਸਿੰਘ ਥਿੰਦ, ਲਖਵਿੰਦਰ ਸਿੰਘ, ਅਜੀਤ ਸਿੰਘ , ਤਰਸੇਮ ਸਿੰਘ, ਅਨਮੋਲ ਬਾਜ਼ਾਰ, ਨਵਜੀਤ ਸਿੰਘ, ਰੁੱਬਲਪ੍ਰੀਤ ਸਿੰਘ,ਮਿੰਟੂ ਪ੍ਰਧਾਨ, ਬਲਬੀਰ ਸਿੰਘ, ਰਾਣਾ ਸੌਂਭੀ, ਇੰਦਰਜੀਤ ਸਿੰਘ, ਨਰੇਗਾ ਟੀਮ, ਬਲਵਿੰਦਰ ਸਿੰਘ, ਮਾਸਟਰ ਗੁਰਦੇਵ ਸਿੰਘ, ਪਲਵਿੰਦਰ ਸਿੰਘ, ਗੁਰਪ੍ਰੀਤ ਗੋਪੀ ਕਨੇਡਾ ਡਾਕਟਰ ਸੋਮਨਾਥ ਮੈਂਬਰ ਪੰਚਾਇਤ ਡੱਲਾ ਨੇ ਸ਼ਹੀਦ ਊਧਮ ਨੂੰ ਯਾਦ ਕਰਦਿਆਂ ਫੁੱਲ ਮਲਾਵਾ ਭੇਟ ਕੀਤੀਆਂ ਇਸ ਮੌਕੇ ਪਿੰਡ ਤੇ ਇਲਾਕੇ ਦੇ ਹੋਰ ਵੀ ਪਤਵੰਤੇ ਸੱਜਣਾਂ ਨੇ ਹਾਜ਼ਰੀ ਲਗਵਾਈ।

ਭਾਜਪਾ ਨੇ 650ਵੇਂ ਪ੍ਰਕਾਸ਼ ਪੁਰਬ 'ਤੇ ਰਵਿਦਾਸੀਆ ਕੌਮ ਦਾ ਅਪਮਾਨ ਕੀਤਾ : ਧਰਮਪਾਲ ਲੇਸੜੀਵਾਲ

ਆਦਮਪੁਰ (ਧਰਮਜੀਤ ਸਿੰਘ)- ਆਦਮਪੁਰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਧਰਮਪਾਲ ਲੇਸੜੀਵਾਲ ਨੇ ਪ੍ਰੈਸ ਬਿਆਨ ਵਿੱਚ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਉੱਤਰ ਪ੍ਰਦੇਸ਼ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 650 ਦੇ ਪ੍ਰਕਾਸ਼ ਪੁਰਬ ਸਮੇਂ ਰਵਿਦਾਸੀਆ ਕੌਮ ਦਾ ਅਪਮਾਨ ਕੀਤਾ ਹੈ। ਉਹਨਾਂ ਕਿਹਾ ਕਿ ਜਦੋਂ ਚੱਲ ਰਹੇ ਪ੍ਰੋਗਰਾਮ ਵਿੱਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੂੰ ਬਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਸਰੂਪ ਦੇ ਕੇ ਸਨਮਾਨਤ ਕੀਤਾ ਜਾ ਰਿਹਾ ਸੀ ਤਾਂ ਉਸ ਸਮੇਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਨਾਅਰਾ ਲਗਾਉਣ ਦੀ ਬਜਾਏ ਜੈ ਸ੍ਰੀ ਰਾਮ ਦੇ ਨਾਅਰੇ ਲਗਾਏ ਗਏ ਜੋ ਕਿ ਠੀਕ ਨਹੀਂ ਹੈ। ਕਿਉਂਕਿ ਸਨਮਾਨਤ ਕਰਨ ਸਮੇਂ ਸਟੇਜ 'ਤੇ ਰਵਿਦਾਸੀਆ ਕੌਮ ਮਹਾਨ ਮਹਾਂਪੁਰਸ਼ ਸੰਤ ਨਿਰੰਜਣ ਦਾਸ ਜੀ ਵੀ ਮੌਜੂਦ ਸਨ। ਭਾਰਤੀ ਜਨਤਾ ਪਾਰਟੀ ਵੱਲੋਂ ਇਸ ਤਰ੍ਹਾਂ ਕਰਕੇ ਸਮੂਹ ਰਵਿਦਾਸੀਆ ਕੌਮ ਦਾ ਅਪਮਾਨ ਕੀਤਾ ਹੈ। ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਹਨਾਂ ਕਿਹਾ ਕਿ ਜੇਕਰ ਭਾਰਤੀ ਜਨਤਾ ਪਾਰਟੀ ਵੱਲੋਂ ਇਸ ਸਾਰੀ ਘਟਨਾ ਰਵਿਦਾਸੀਆ ਕੌਮ ਕੋਲੋਂ ਮਾਫੀ ਨਾ ਮੰਗੀ ਤਾਂ ਭਾਰਤੀ ਜਨਤਾ ਪਾਰਟੀ ਨੂੰ ਰਵਿਦਾਸੀਆ ਕੌਮ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ ਅਤੇ ਭਾਰਤੀ ਜਨਤਾ ਪਾਰਟੀ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਜਾਣਗੇ। ਉਹਨਾਂ ਇਹ ਸਮੇਂ ਰਵਿਦਾਸੀਆ ਕੌਮ ਨੂੰ ਵੀ ਇਕੱਠੇ ਹੋਣ ਅਤੇ ਆਪਣਾ ਗੂੰਜਾਂ ਜ਼ਾਹਰ ਕਰਨ ਦਾ ਸੱਦਾ ਦਿੱਤਾ।

ਖਾਲਸਾ ਕਾਲਜ ਮਾਹਿਲਪੁਰ 'ਚ ਪੁਲਸ ਸਾਂਝ ਕੇਂਦਰ ਵੱਲੋਂ ਜਾਗਰੂਕਤਾ ਮੁਹਿੰਮ

ਮਾਹਿਲਪੁਰ (ਸਫ਼ਰੀ) ਵਿਸ਼ੇਸ਼ ਡਾਇਰੈਕਟਰ ਜਨਰਲ ਆਫ ਪੁਲਸ ਕਮਿਊਨਿਟੀ ਅਫੇਅਰ ਡਿਵੀਜ਼ਨ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਡੀ ਸੀ ਪੀ ਓ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਐਸ ਆਈ ਸੁਖਦੇਵ ਸਿੰਘ ਜ਼ਿਲ੍ਹਾ ਇੰਚਾਰਜ ਸਾਂਝ ਕੇਂਦਰ, ਹੁਸ਼ਿਆਰਪੁਰ ਦੀ ਅਗਵਾਈ ਹੇਠ ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ, ਵਾਤਾਵਰਣ ਦੀ ਸਾਂਭ ਸੰਭਾਲ ਅਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਦੇ ਸੱਦੇ ਤਹਿਤ ਵਿਸ਼ੇਸ਼ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਸ਼ਿਰਕਤ ਕੀਤੀ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਵਿੱਢੇ ਅਜਿਹੇ ਜਾਗਰੂਕਤਾ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਿੰਸੀਪਲ ਦੀ ਅਗਵਾਈ ਹੇਠ ਹਾਜ਼ਰ ਪੁਲਸ ਅਧਿਕਾਰੀਆਂ ਨੇ ਕਾਲਜ ਕੈਂਪਸ ਵਿੱਚ ਫਲਦਾਰ ਤੇ ਛਾਂਦਾਰ ਪੌਦੇ ਲਗਾਏ ਅਤੇ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸਾਂਭ ਸੰਭਾਲ ਲਈ ਸਮਾਜਿਕ ਤੌਰ 'ਤੇ ਮੋਹਰੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਸਮਾਰੋਹ ਮੌਕੇ ਵਿਦਿਆਰਥੀਆਂ ਨੂੰ ਸੋਬੋਧਨ ਕਰਦਿਆਂ ਐਸਆਈ ਸੁਖਦੇਵ ਸਿੰਘ ਨੇ ਕਿਹਾ ਕਿ ਦੇਸ਼ ਦੇ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਜੀ ਦੇ 550ਵੇਂ ਜੈਯੰਤੀ ਸਮਾਰੋਹਾਂ ਨੂੰ ਸਮਰਪਿਤ ਇਨ੍ਹਾਂ ਗਤੀਵਿਧੀਆਂ ਦਾ ਮਨੋਰਥ ਵਿਦਿਆਰਥੀਆਂ ਨੂੰ ਖੇਡ ਸੱਭਿਆਚਾਰ ਅਤੇ ਵਾਤਾਵਰਣ ਦੀ ਸੰਭਾਲ ਨਾਲ ਜੋੜ ਕੇ ਤੰਦਰੁਸਤ ਰਾਸ਼ਟਰ ਦੇ ਨਿਰਮਾਣ ਵਿੱਚ ਹਿੱਸਾ ਪਾਉਣਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਵਿੱਚ ਹਿੱਸਾ ਪਾਉਣ ਤੇ ਸਾਫ ਸੁਥਰੇ ਪ੍ਰਸ਼ਾਸਨ ਵਿੱਚ ਪੁਲਸ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕੇ ਕਾਲਜ ਦੇ ਖਿਡਾਰੀ ਵਿਦਿਆਰਥੀਆਂ ਦਾ ਫੁੱਟਬਾਲ ਮੈਚ ਵੀ ਕਰਵਾਇਆ ਗਿਆ। ਸਮਾਰੋਹ ਮੌਕੇ ਏਐਸਆਈ ਸਤਨਾਮ ਸਿੰ1ਘ, ਹੈੱਡ ਕਾਂਸਟੇਬਲ ਸੇਵਾ ਸਿੰਘ, ਹੈੱਡ ਕਾਂਸਟੇਬਲ ਜਸਪਾਲ ਸਿੰਘ, ਹੈੱਡ ਕਾਂਸਟੇਬਲ ਨਿਰਮਲ ਬੱਧਣ, ਮਹਿਲਾ ਹੈੱਡ ਕਾਂਸਟੇਬਲ ਪ੍ਰਭਜੋਤ ਕੌਰ, ਮਹਿਲਾ ਹੈੱਡ ਕਾਂਸਟੇਬਲ ਰਮਨਦੀਪ ਕੌਰ, ਕਾਲਜ ਦੇ ਫੁਟਬਾਲ ਕੋਚ ਹਰਿਦਰ ਸਨੀ, ਕੋਚ ਚਰਨਜੀਤ ਸਿੰਘ

ਹਾਰਦਿਕ ਕਾਲਜ ਆਫ਼ ਐਜੂਕੇਸ਼ਨ, ਭਵਾਨੀਗੜ੍ਹ (ਸੰਗਰੂਰ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਿਤ

ਬੀ.ਐਡ. ਲਈ ਰੈਗੂਲਰ ਆਧਾਰ ਤੇ ਫੈਕਲਟੀ ਦੀ ਲੋੜ ਹੈ: ਅਸਿਸਟੈਂਟ ਪ੍ਰੋਫੈਸਰ ਇਨ ਐਜੂਕੇਸ਼ਨ -4, ਗਣਿਤ, ਰਾਜਨੀਤੀ ਸ਼ਾਸਤਰ, ਸੰਗੀਤ, ਲਾਇਬ੍ਰੇਰੀਅਨ ਆਹੁਦਿਆਂ ਦੀ ਗਿਣਤੀ ਵਧੇਗੀ ਜਾਂ ਘਟੇਗੀ। ਯੋਗਤਾ ਅਤੇ ਤਨਖਾਹ ਸਕੇਲ ਯੂ.ਜੀ.ਸੀ./ਐਨ.ਸੀ.ਟੀ.ਈ/ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਸਵੈ-ਵੇਰਵਾ 10 ਦਿਨਾਂ ਦੇ ਅੰਦਰ haardik2008@gmail.com ਅਤੇ collegejobs.punjabiuniversity.ac.in ਤੇ ਭੇਜੋ। 94781-00287, 94782-00287, 94786-00287

ਆਮ ਸੂਚਨਾ

ਮੈਂ, ਲਖਬੀਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਸੰਗਤਪੁਰ (ਗੁਰਦਾਸਪੁਰ) ਚੇਅਰਮੈਨ ਬਾਬਾ ਦੀਪ ਸਿੰਘ ਜੀ ਐਜੂਕੇਸ਼ਨਲ ਸੋਸਾਇਟੀ, ਸੰਗਤਪੁਰ ਨੇ ਪ੍ਰਬੰਧਕ ਕਮੇਟੀ ਦੀ ਸਹਿਮਤੀ ਨਾਲ ਬੀ. ਡੀ. ਐੱਸ ਇੰਟਰਨੈਸ਼ਨਲ ਸਕੂਲ ਆਫ ਇੰਗਲਿਸ਼, ਸੰਗਤਪੁਰ ਦਾ ਨਾਂਅ ਬਦਲ ਕੇ ਬਾਬਾ ਦੀਪ ਸਿੰਘ ਮਾਡਰਨ ਸ: ਸ: ਸਕੂਲ, ਸੰਗਤਪੁਰ ਰੱਖ ਦਿੱਤਾ ਹੈ। ਇਸ ਸੰਬੰਧੀ ਕਮੇਟੀ ਵੱਲੋਂ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਹੋਇਆ ਹੈ।

ਬਾ ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1, ਫਿਰੋਜ਼ਪੁਰ

ਕੇਸ ਨੰਬਰ 04/ਏ.ਸੀ 1 — ਰਜੂਆ ਮਿਤੀ 15.06.2026

ਵਾਕਿਆ ਰਕਬਾ ਘਿੰਨੀ ਵਾਲਾ — ਤਾਰੀਖ ਪੇਸ਼ੀ 18.08.2026

ਮਨਪ੍ਰੀਤ ਕੌਰ ਪਤਨੀ ਇੰਦਰਜੀਤ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਪਿੰਡ ਚੂਚਕ ਵਿੰਡ ਤਹਿਸੀਲ ਜੀਰਾ ਜਿਲਾ ਫਿਰੋਜ਼ਪੁਰ ।

ਬਨਾਮ

1)ਰਾਜਬੀਰ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਬਚਨ ਸਿੰਘ 2)ਕੰਵਲਬੀਰ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਬਚਨ ਸਿੰਘ 3)ਮਨਪ੍ਰੀਤ ਸਿੰਘ ਪੁੱਤਰ ਭੁਪਿੰਦਰ ਸਿੰਘ ਪੁੱਤਰ ਬਚਨ ਸਿੰਘ 4)ਦਲਜੀਤ ਸਿੰਘ ਪੁੱਤਰ ਬਚਨ ਸਿੰਘ ਪੁੱਤਰ ਚਾਨਣ ਸਿੰਘ 5)ਜਗਜੀਤ ਕੌਰ ਪੁਤਰੀ ਬਚਨ ਸਿੰਘ ਪੁੱਤਰ ਚਾਨ ਸਿੰਘ 6) ਪਰਵੀਨ ਕੋਰ ਪੁਤਰੀ ਮਹਿੰਦਰ ਸਿੰਘ ਪੁੱਤਰ ਬਚਨ ਸਿੰਘ 7)ਮਹਿਤਾਬ ਕੋਰ ਪੁੱਤਰੀ ਮਹਿੰਦਰ ਸਿੰਘ ਪੁੱਤਰ ਬਚਨ ਸਿੰਘ 8)ਜਗਬੀਰ ਸਿੰਘ ਪੁੱਤਰ ਸਿੰਕਦਰ ਸਿੰਘ ਪੁੱਤਰ ਬਚਨ ਸਿੰਘ 9)ਸਮਰ ਕੋਰ ਪੁਤਰੀ ਸਿੰਕਦਰ ਸਿੰਘ ਪੁੱਤਰ ਬਚਨ ਸਿੰਘ 10)ਵਰਿੰਦਰ ਕੁਮਾਰ ਪੁੱਤਰ ਸਿੰਕਦਰ ਸਿੰਘ ਪੁੱਤਰ ਬਚਨ ਸਿੰਘ 11)ਕਿਰਨ ਪੁੱਤਰੀ ਸਿੰਕਦਰ ਸਿੰਘ ਪੁੱਤਰ ਬਚਨ ਸਿੰਘ 12)ਗੁਲਪ੍ਰੀਤ ਸਿੰਘ ਪੁੱਤਰ ਮਨਪ੍ਰੀਤ ਸਿੰਘ ਪੁੱਤਰ ਭੁਪਿੰਦਰ ਸਿੰਘ 13) ਕੁਲਿਯਾਂ ਦੇਵੀ ਪਤਨੀ ਬਿਸ਼ਨਾ ਦਾਸ ਪੁੱਤਰ ਖੁਸ਼ੀ ਰਾਮ 14) ਰਮਨ ਵੇਦ ਪੁੱਤਰ ਰਾਜੂ ਪੁੱਤਰ ਗਿਆਸਾ ਰਾਮ 15) ਕਸ਼ਮੀਰ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਰੂੜ ਸਿੰਘ 16)ਰਾਜ ਸੋਨੀ ਪਤਨੀ ਪਤਰਸ ਸੋਨੀ ਪੁੱਤਰ ਸੁਜਾ ਮਸੀਹ 17)ਬੂੜ ਸਿੰਘ ਪੁੱਤਰ ਬਾਗ ਸਿੰਘ ਪੁੱਤਰ ਗੰਡਾ ਸਿੰਘ 18)ਰਾਜ ਕੁਮਾਰ ਪੁੱਤਰ ਦੁਲਾਰੇ ਪੁੱਤਰ ਸਾਹਤੂ ਰਾਮ 19)ਪਰਮਜੀਤ ਕੋਰ ਪਤਨੀ ਚਰਨ ਦਾਸ ਪੁੱਤਰ ਫਕੀਰ ਚੰਦ 20)ਸਪਨਾ ਪੱਤਨੀ ਟੈਨੀ ਪੁੱਤਰ ਦਲੀਪ ਸਿੰਘ 21)ਸਰਬਜੀਤ ਕੋਰ ਪਤਨੀ ਬਲਵੀਰ ਸਿੰਘ ਪੁੱਤਰ ਜੈਲ ਸਿੰਘ 22)ਰਾਧੇ ਸ਼ਾਮ ਪੁੱਤਰ ਧੁਰੀ ਲਾਲ ਪੁੱਤਰ ਮਿਰੀ ਲਾਲ 23)ਸੀਮਾ ਪਤਨੀ ਕਰਿਸ਼ਨ ਗੋਪਾਲ ਪੁੱਤਰ ਜਗਦੀਸ਼ ਲਾਲ 24)ਪ੍ਰੀਤਮ ਕੋਰ ਉਰਫ ਮਾਇਆ ਪੱਤਨੀ ਕਸ਼ਮੀਰ ਸਿੰਘ 25)ਰਾਈ ਪਤਨੀ ਸੁਖਦੇਵ ਰਾਜ ਪੁੱਤਰ ਸੁਰਜੀਤ ਸਿੰਘ 26) ਸਿਮਰਜੀਤ ਕੋਰ ਪਤਨੀ ਕਾਦਰ ਸਿੰਘ ਪੁੱਤਰ ਹਾਕਮ ਸਿੰਘ 27)ਨਿਸ਼ਾ ਪਤਨੀ ਪਰਿੰਸ ਪੁੱਤਰ ਜੰਗ 28)ਨੀਲਮ ਪਤਨੀ ਬਲਵੰਤ ਸਿੰਘ ਪੁੱਤਰ ਉਤਮ ਸਿੰਘ 29)ਰਾਜੀਵ ਢੀਗਰਾ ਪੁੱਤਰ ਰਾਮ ਨਾਂਥ ਢੀਗਰਾ ਪੁੱਤਰ ਦੀਵਾਨ ਚੰਦ 30)ਕਰਿਸ਼ਨ ਮਾਨਵ ਸੇਵਾ ਚੈਰੀਟੇਬਲ ਟਰਸਟ (ਰਜਿਸਟਰਡ ਨੰਬਰ 73) ਹੈਡ ਆਫਿਸ 14/106 ਸੈਕਿੰਡ ਫਲੋਰ ਸੈਕਟਰ 8 ਰੋਹਿਨੀ ਦਿਲੀ 31)ਸੋਨੀ ਪੁੱਤਰੀ ਸਾਦਕ ਪੁੱਤਰ ਜਾਲਾ 32)ਮੰਗਲ ਪੁੱਤਰ ਸਾਦਕ ਪੁੱਤਰ ਜਾਲਾ 33)ਰਿੰਕੂ ਪੁੱਤਰ ਵਿਸ਼ਨੂ ਰਾਮ ਪੁੱਤਰ ਹਰ ਲਾਲ 34)ਸੁਮਿਤਰਾ ਰਾਈ ਪਤਨੀ ਰੇਸਮ ਸਿੰਘ ਪੁੱਤਰ ਫੌਜਾ ਸਿੰਘ 35)ਖਾਨਾ ਪੁਤਰ ਬੁਲੰਦਾ ਪੁੱਤਰ ਲੱਖਾ 36)ਮੀਨਾ ਦੇਵੀ ਪਤਨੀ ਮਦਨ ਮੋਹਨ ਪੁੱਤਰ ਆਤਮਾ ਰਾਮ37)ਮਹਿੰਦਰ ਪੁੱਤਰ ਮੁਨਸ਼ੀ ਰਾਮ ਪੁੱਤਰ ਮਹੰਦਾ 38)ਸਲੀਨਾ ਪਤਨੀ ਅਜਾਇਬ ਸਿੰਘ ਪੁੱਤਰ ਚੰਨਣ ਸਿੰਘ 39)ਰਾਜੇਸ਼ ਪੁਤਰ ਜੋਗਰਾਜ ਸਿੰਘ ਪੁੱਤਰ ਈਸ਼ਰ ਦਾਸ 40)ਰੇਖਾ ਰਾਈ ਪਤਨੀ ਜੱਜਪਾਲ ਪੁੱਤਰ ਰਾਮ ਲਾਲ 41)ਪ੍ਰਵੀਨ ਪਤਨੀ ਬਿੱਲੂ ਪੁੱਤਰ ਸੂਬਾ 42)ਸਤੀਸ਼ ਕੁਮਾਰ ਪੁੱਤਰ ਬਿੱਲੂ ਪੁੱਤਰ ਅਸਮਾਨ 43)ਛਿੰਦੇ ਪਤਨੀ ਬਾਕਰ ਪੁਤਰ ਜਲਾਲ 44)ਰੁਪਿੰਦਰ ਕੋਰ ਪਤਨੀ ਮਨਜੀਤ ਸਿੰਘ ਪੁੱਤਰ ਜਸਵੰਤ ਸਿੰਘ 45)ਸਿਮਰਨ ਕੋਰ ਪਤਨੀ ਸਤਵਿੰਦਰ ਸਿੰਘ ਪੁੱਤਰ ਜਸਵੰਤ ਸਿੰਘ 46)ਜਸਵੰਤ ਸਿੰਘ ਪੁੱਤਰ ਅਰਬੇਲ ਸਿੰਘ ਪੁੱਤਰ ਠਾਕੁਰ ਸਿੰਘ 47)ਸੁਖਦੇਵ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਕਿਸ਼ਨ ਸਿੰਘ 48)ਰੁਪਿੰਦਰ ਕੋਰ ਪਤਨੀ ਭੁਪਿੰਦਰ ਸਿੰਘ ਪੁੱਤਰ ਬਚਨ ਸਿੰਘ 49) ਰੇਖਾ ਪਤਨੀ ਗੁਲਸ਼ਨ ਪੁੱਤਰ ਮੁਖਤਿਆਰ ਸਿੰਘ 50)ਗੁਰਪ੍ਰੀਤ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਮੰਦਾ ਸਿੰਘ 51)ਪਰਮਜੀਤ ਕੋਰ ਸਾਘਾ ਪਤਨੀ ਗੁਰਿੰਦਰ ਸਿੰਘ ਸਾਘਾ ਪੁੱਤਰ ਰਾਜਿੰਦਰ ਸਿੰਘ 52) ਦਵਿੰਦਰ ਕੋਰ ਪੁਤਰੀ ਹਰਜਿੰਦਰ ਸਿੰਘ ਪੁੱਤਰ ਰਜਿੰਦਰ ਸਿੰਘ 53)ਭੁਪਿੰਦਰ ਸਿੰਘ ਪੁੱਤਰ ਬਚਨ ਸਿੰਘ ਪੁੱਤਰ ਚਾਨਣ ਸਿੰਘ 54)ਤੇਜਬੀਰ ਸਿੰਘ ਪੁੱਤਰ ਜਗਸੀਰ ਸਿੰਘ ਪੁੱਤਰ ਸਿੰਕਦਰ ਸਿੰਘ ਸਾਰੇ ਵਾਸੀਆਂਨ ਪਿੰਡ ਘਿਨੀਵਾਲਾ ਤਹਿਸੀਲ ਵਾ ਜਿਲਾ ਫਿਰੋਜ਼ਪੁਰ 55)ਆਈ ਸੀ ਆਈ ਸੀ ਆਈ ਹੋਮ ਫਾਇਨਾਸ ਫਿਰੋਜ਼ਪੁਰ ਸ਼ਹਿਰ ਬਜਰੀਆ ਬਰਾਂ-ਫਿਰੋਜ਼ਪੁਰ 56) ਐਚ ਡੀ ਐਫ ਸੀ ਬੈਂਕ ਬਰਾਚ ਫਿਰੋਜ਼ਪੁਰ ਸ਼ਹਿਰ ਬਜਰੀਆ ਬਰਾਂਚ ਮਨੈਜਰ 57)ਜੰਮੂ ਐਂਡ ਕਸ਼ਮੀਰ ਬੈਂਕ ਲਿਮ ਫਿਰੋਜ਼ਪੁਰ ਸ਼ਹਿਰ ਬਜਰੀਆ ਬਰਾਂਚ ਮਨੈਜਰ 58) ਆਈ ਸੀ ਆਹੀ ਐਫ ਐਲ ਹੋਮ ਫਾਇਨਾਂਸ ਲਿਮਟਿਡ ਬਰਾਂਚ ਫਿਰੋਜ਼ਪੁਰ ਬਜਰੀ ਬਰਾਂਚ ਮਨੈਜਰ 59) ਐਚ ਡੀ ਐਫ ਸੀ ਬੈਂਕ ਲਿਮਟਿਡ ਬਰਾਂਚ ਫਿਰੋਜ਼ਪੁਰ ਸ਼ਹਿਰ ਬਜਰੀਆ ਬਰਾਚ ਮਨੈਜਰ। ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਰਖਾਸਤੀ ਧਿਰ ਨੇ ਅਰਾਜ਼ੀ ਤੈਦਾਦੀ 270 ਕਨਾਲ 10 ਮਰਲਾ ਖੇਵਟ ਨੰਬਰ 2 ਖਤੋਨੀ ਨੰਬਰ 2 ਮੁਰਬਾ ਨੰਬਰ 3ਕਿਲਾ ਨੰਬਰ 11(0-1)19/1(0-1) 19/2(0-4) 20/1(0-13) 20/2(2-4) 21/1(2-17) 21/2(3-16) 22/1(5-7) 22/20-3)23/1(0-10)23/2 (1-3) ਖਤੋਨੀ ਨੰਬਰ 3 ਮੁਰਬਾ ਨੰਬਰ 2 ਕਿਲਾ ਨੰਬਰ 3/1(0-15) 22(0-9) ਮੁ ਨੰ 4 ਕਿਲਾ ਨੰ 2/1(6-1) 2/2(0-1) 3/2(0-5) 7/1(0-11) 7/2/1(0-11) 8/1(0-1)12/2 (0-9)14/1 (7-3)14/2 (0-1)15/1(0-11)15/2 (1-8)16(7-10)17 (8-0) 18(8-0)19 (8-0) 24 (8-0) 25 (7-18) ਖਤੋਨੀ ਨੰਬਰ 3/1 ਮੁਰਬਾ ਨੰਬਰ 4 ਕਿਲਾ ਨੰਬਰ 22(8-0)23(8-0) ਖਤੋਨੀ ਨੰਬਰ 4 ਮੁਰਬਾ ਨੰਬਰ 4 ਕਿਲਾ ਨੰਬਰ 9(8-0)12/1(7-11) ਖਤੋਨੀ ਨੰਬਰ 5 ਮੁਰਬਾ ਨੰਬਰ 4 ਕਿਲਾ ਨੰਬਰ 7/2/2(0-10)8/2(7-0)13(8-0) ਖਤੋਨੀ ਨੰਬਰ 6 ਮੁਰਬਾ ਨੰਬਰ 3 ਕਿਲਾ ਨੰਬਰ 24(0-11) ਖਤੋਨੀ ਨੰਬਰ 7 ਮੁਰਬਾ ਨੰਬਰ 1 ਕਿਲਾ ਨੰਬਰ 16/1(0-1) 24/2(9-12)25/2/1(2-17) ਮੁਰਬਾ ਨੰਬਰ 2 ਕਿਲਾ ਨੰਬਰ 20(0-7)21/1(3-11) ਮੁ ਨੰ 4 ਕਿਲਾ ਨੰ 1(8-0)10 (8-0)11 (8-0)20(8-0)21(8-0) ਮੁਰਬਾ ਨੰ 5 ਕਿਲਾ ਨੰ 3/2(1-19) 4(7-3) 5(8-0) 6(8-0) 7(8-0) 13/2(6-17) ਕੁਲ 270 ਕਨਾਲ 10 ਮਰਲੇ ਵਾਕਿਆ ਰਕਬਾ ਪਿੰਡ ਘਿੰਨੀਵਾਲਾ ਤਹਿਸੀਲ ਵਾ ਜਿਲਾ ਫਿਰੋਜ਼ਪੁਰ ਦੀ ਤਕਸੀਮ ਜਮਾਬੰਦੀ ਸਾਲ 2023-2024 ਮੁਤਾਬਕ ਕਰਨ ਸਬੰਧੀ ਦਰਖਾਸਤ ਪੇਸ਼ ਕੀਤਾ ਹੈ । ਜੇਕਰ ਉਕਤ ਦਰਜ ਰਕਬੇ ਦੀ ਤਕਸੀਮ ਕਰਨ ਵਿੱਚ ਫਰੀਕ ਸਾਨੀ ਜਾਂ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ ਹੈ ਤਾਂ ਉਹ ਆਪਨਾ ਇਤਰਾਜ ਸਿਤੀ। 18.8.2026 ਤੱਕ ਅਸਾਲਤਨ ਜਾਂ ਵਕਾਲਤਨ ਇਸ ਅਦਾਲਤ ਵਿੱਚ ਹਾਜਰ ਹੋ ਕੇ ਪੇਸ਼ ਕਰ ਸਕਦਾ ਹੈ,ਨਿਸ਼ਚਿਤ ਸਮੇਂ ਅੰਦਰ ਕੋਈ ਇਤਰਾਜ ਨਾ ਆਉਣ ਤੇ ਕੇਸ ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਇਹ ਇਸ਼ਤਿਹਾਰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਨਾਲ ਅੱਜ ਮਿਤੀ 29.07.2026 ਨੂੰ ਜਾਰੀ ਹੋਇਆ

ਤਹਿਸੀਲਦਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ,ਫਿਰੋਜ਼ਪੁਰ

ਅੰਮ੍ਰਿਤਸਰ ਕਾਲਜ ਆਫ਼ ਨਰਸਿੰਗ 'ਚ ਕਰਵਾਈ ਮਾਈਗ੍ਰੇਸ਼ਨ ਜਾਗਰੂਕਤਾ ਵਰਕਸ਼ਾਪ

ਝਬਾਲ, (ਹਰਜਿੰਦਰ ਸਿੰਘ ਸੋਨੀ)-ਵਿਸ਼ਵ ਮਨੁੱਖੀ ਤਸਕਰੀ ਵਿਰੋਧੀ ਦਿਵਸ ਮੌਕੇ ਅੰਮ੍ਰਿਤਸਰ ਕਾਲਜ ਆਫ ਨਰਸਿੰਗ ਵਿੱਚ ਮਾਈਗ੍ਰੇਸ਼ਨ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਵਰਕਸ਼ਾਪ ਦਾ ਉਦੇਸ਼ ਵਿਦਿਆਰਥੀਆਂ ਨੂੰ ਸੁਰੱਖਿਅਤ ਕਾਨੂੰਨੀ ਅਤੇ ਜਾਗਰੂਕ ਮਾਈਗ੍ਰੇਸ਼ਨ ਬਾਰੇ ਜਾਣਕਾਰੀ ਦੇਣਾ ਅਤੇ ਵਿਦੇਸ਼ ਵਿੱਚ ਪੜਾਈ ਤੇ ਰੋਜ਼ਗਾਰ ਦੇ ਨਾਂਅ 'ਤੇ ਹੋ ਰਹੀਆਂ ਧੋਖਾਧੜੀਆਂ ਅਤੇ ਮਨੁੱਖੀ ਤਸਕਰੀ ਦੇ ਖਤਰਿਆਂ ਪ੍ਰਤੀ ਸੁਚੇਤ ਕਰਨਾ ਸੀ।ਜਾਗਰੂਕ ਜਾਓ ਮੁਹਿਮ ਦੇ ਸਿਰੋਰਸਪਰਸਨ ਡਾ. ਨਵਲਪ੍ਰੀਤ ਸਿੰਘ ਨੇ ਇੱਕ ਪ੍ਰਭਾਵਸ਼ਾਲੀ ਢੰਗ ਨਾਲ ਸੁਰੱਖਿਅਤ ਮਾਈਗ੍ਰੇਸ਼ਨ ਦੇ ਮਹੱਤਵ ਨੂੰ ਉਜਾਗਰ ਕੀਤਾ। ਪ੍ਰਸ਼ਨ-ਉੱਤਰ ਸੈਸ਼ਨ ਦੌਰਾਨ ਵਿਦਿਆਰਥੀਆਂ ਨੇ ਵਿਦੇਸ਼ ਵਿੱਚ ਸਿੱਖਿਆ ਰੋਜ਼ਗਾਰ ਵੀਜ਼ਾ ਪ੍ਰਕਿਰਿਆ ਅਤੇ ਸੁਰੱਖਿਅਤ ਮਾਈਗ੍ਰੇਸ਼ਨ ਸਬੰਧੀ ਆਪਣੇ ਸਵਾਲ ਪੁੱਛੇ ਜਿਨ੍ਹਾਂ ਦੇ ਵਿਸਥਾਰਪੂਰਵਕ ਜਵਾਬ ਦਿੱਤੇ ਗਏ।ਇਸ ਮੌਕੇ ਅੰਮ੍ਰਿਤਸਰ ਕਾਲਜ ਆਫ ਨਰਸਿੰਗ ਦੇ ਡਾਇਰੈਕਟਰ ਨਿਪੁੰਨ ਪਾਸੀ ਨੇ ਇਸ ਉਪਰਾਲੇ ਦੀ ਸ਼ਲਾਘਾ ਦੀ ਸਰਾਹਨਾ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਅਜਿਹੇ ਜਾਗਰੂਕਤਾ ਪ੍ਰੋਗਰਾਮ ਬਹੁਤ ਲੋੜੀਂਦੇ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਵਿਦੇਸ਼ ਜਾਣ ਨਾਲ ਸਬੰਧਿਤ ਕਿਸੇ ਵੀ ਆਫਰ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਉਸ ਦੀ ਪੂਰੀ ਤਸਦੀਕ ਕਰਨ ਅਤੇ ਸਿਰਫ ਅਧਿਕਾਰਤ ਅਤੇ ਭਰੋਸੇਯੋਗ ਸਰੋਤਾਂ 'ਤੇ ਹੀ ਨਿਰਭਰ ਰਹਿਣ।'ਜਾਗਰੂਕ ਜਾਓ' ਪਹਿਲ ਨੂੰ ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਮਾਈਗ੍ਰੇਸ਼ਨ ਜੋ ਕਿ ਸੰਯੁਕਤ ਰਾਸ਼ਟਰ ਦੀ ਮਾਈਗ੍ਰੇਸ਼ਨ ਏਜੰਸੀ ਹੈ, ਦਾ ਸਹਿਯੋਗ ਪ੍ਰਾਪਤ ਹੈ। ਇਸ ਦਾ ਸੰਚਾਲਨ ਡਾਟਾਲੀਡਜ ਵੱਲੋਂ ਕੀਤਾ ਜਾ ਰਿਹਾ ਹੈ।

ਸੁੱਚੀ ਕਿਰਤ ਹਮੇਸ਼ਾ ਮੇਰਾ ਮਾਣ ਰਿਹਾ : ਸੁਖਚਰਨ ਸਿੰਘ ਸਾਹੋਕੇ

ਚੰਡੀਗੜ੍ਹ (ਸੁਰਜੀਤ ਸੁਮਨ) ਪੰਜਾਬ ਸਿਵਲ ਸਕੱਤਰੇਤ ਤੋਂ ਬਤੌਰ ਅਧੀਨ ਸਕੱਤਰ ਮੁੱਖ ਮੰਤਰੀ ਸੇਵਾ-ਮੁਕਤੀ ਉਪਰੰਤ ਸੁਖਚਰਨ ਸਿੰਘ ਸਾਹੋਕੇ ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਬਤੌਰ ਸੀਨੀਅਰ ਐਡਵੋਕੇਟ ਸੇਵਾਵਾਂ ਨਿਭਾ ਰਹੇ ਹਨ।ਆਪਣੀ ਸਰਕਾਰੀ ਨੌਕਰੀ ਦੌਰਾਨ ਉਹ ਲੋੜਵੰਦ ਲੋਕਾਂ ਦੇ ਹਮੇਸ਼ਾ ਕੰਮ ਆਉਂਦੇ ਰਹੇ।ਸਮੇਂ ਸਮੇਂ ਅਨੁਸਾਰ ਉਹ ਮੁਲਾਜ਼ਮ ਜਥੇਬੰਦੀਆਂ ਨਾਲ਼ ਵੀ ਮੋਢੇ ਮੋਢੇ ਨਾਲ਼ ਜੋੜ ਕੇ ਕੰਮ ਕਰਦੇ ਰਹੇ।ਦੱਬੇ-ਕੁਚਲੇ ਲੋਕਾਂ ਨਾਲ਼ ਉਹ ਹਿੱਕ ਡਾਹ ਕੇ ਖੜ੍ਹਦੇ ਰਹੇ ਹਨ।ਉਨ੍ਹਾਂ ਦੇ ਪਿਤਾ ਪ੍ਰੀਤਮ ਸਿੰਘ, 1952 ਵਿੱਚ ਵਿਧਾਨ ਸਭਾ ਹਲਕਾ ਲਹਿਰਾਗਾਗਾ ਸੀਟ ਤੋਂ ਪਹਿਲੀ ਵਾਰ ਅਕਾਲੀ ਵਿਧਾਇਕ ਚੁਣੇ ਗਏ।1954 ਵਿੱਚ ਹੋਈਆਂ ਮੱਧਕਾਲੀ ਚੋਣਾਂ ਦੌਰਾਨ ਉਹ ਦੂਜੀ ਵਾਰੀ ਅਕਾਲੀ ਵਿਧਾਇਕ ਬਣੇ।ਉਨ੍ਹਾਂ ਦੇ ਸਮੁੱਚੇ ਗਰੁੱਪ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਨਾਲ਼ 1957 ਵਿੱਚ ਉਹ ਕਾਂਗਰਸੀ ਵਿਧਾਇਕ ਵਜੋਂ ਜਿੱਤ ਕੇ ਆਏ ਅਤੇ ਆਪਣੇ ਹਲਕੇ ਦੇ ਲੋਕਾਂ ਦੀ ਸੇਵਾ ਕਰਦੇ ਰਹੇ।ਸੁਖਚਰਨ ਸਿੰਘ ਸਾਹੋਕੇ ਨੇ ਦੱਸਿਆ ਕਿ ਬੇਸ਼ੱਕ ਮੈਂ ਸਰਕਾਰੀ ਅਧਿਕਾਰੀ ਰਿਹਾ ਹਾਂ, ਪਰੰਤੂ ਮੈਂ ਆਪਣੇ ਪਿਤਾ ਪ੍ਰੀਤਮ ਸਿੰਘ ਦੇ ਪੂਰਨਿਆਂ 'ਤੇ ਚੱਲਦਿਆਂ ਹਮੇਸ਼ਾ ਲੋਕ ਹਿੱਤਾਂ ਲਈ ਜੂਝਦਾ ਰਿਹਾ ਹਾਂ।ਆਪਣੀ ਸਰਕਾਰੀ ਸੇਵਾ ਦੌਰਾਨ ਮੈਂ ਅਜਿਹੇ ਬਹੁਤ ਸਾਰੇ ਕੇਸਾਂ ਦਾ ਨਿਪਟਾਰਾ ਕਰਵਾਇਆ, ਜਿਨ੍ਹਾਂ ਵਿੱਚ ਇਗਨੋਰ ਕੀਤੇ ਪ੍ਰੀਖਿਆਰਥੀਆਂ ਨੂੰ ਸਰਕਾਰੀ ਨੌਕਰੀਆਂ ਲੈਣ ਵਿੱਚ ਸਫਲਤਾ ਹਾਸਲ ਹੋਈ।

ਚੰਡੀਗੜ੍ਹ ਸੈਕਟਰ-42 'ਚ ਘਰ ਦੇ ਕਬਜ਼ੇ ਨੂੰ ਲੈ ਕੇ ਗੋਲੀਬਾਰੀ, ਮਹਿਲਾ ਗੰਭੀਰ ਜ਼ਖ਼ਮੀ

ਚੰਡੀਗੜ੍ਹ (ਜਤਿੰਦਰ ਕੁਮਾਰ)- ਚੰਡੀਗੜ੍ਹ ਦੇ ਸੈਕਟਰ-42 ਵਿੱਚ ਸ਼ਨੀਵਾਰ ਦੁਪਹਿਰ ਅਦਾਲਤ ਦੇ ਹੁਕਮਾਂ ਅਨੁਸਾਰ ਆਪਣੇ ਮਕਾਨ ਦਾ ਕਬਜ਼ਾ ਲੈਣ ਪਹੁੰਚੀ ਮਨਜਿੰਦਰ (ਮਨਵਿੰਦਰ) ਕੌਰ 'ਤੇ ਕਥਿਤ ਕਬਜ਼ਾਧਾਰੀ ਵਕੀਲ ਜੇ.ਪੀ.ਐੱਸ. ਚੱਢਾ ਨੇ ਆਪਣੀ ਲਾਇਸੈਂਸੀ ਰਿਵਾਲਵਰ ਨਾਲ ਗੋਲੀ ਚਲਾ ਦਿੱਤੀ। ਡੀਐੱਸਪੀ ਧੀਰਜ ਦੇ ਮੁਤਾਬਕ, ਮਹਿਲਾ ਅਦਾਲਤ ਦੇ ਨੁਮਾਇੰਦੇ ਅਤੇ ਚੰਡੀਗੜ੍ਹ ਪੁਲਿਸ ਦੀ ਮੌਜੂਦਗੀ ਵਿੱਚ ਮਕਾਨ ਦਾ ਤਾਲਾ ਤੋੜ ਕੇ ਕਬਜ਼ਾ ਲੈਣ ਲਈ ਪਹੁੰਚੀ ਸੀ। ਜਿਵੇਂ ਹੀ ਉਹ ਘਰ ਅੰਦਰ ਦਾਖ਼ਲ ਹੋਣ ਲੱਗੀ ਤਾਂ ਦੋਸ਼ੀ ਨੇ ਪਿਛਲੀ ਖਿੜਕੀ ਰਾਹੀਂ ਗੋਲੀ ਚਲਾ ਦਿੱਤੀ, ਜੋ ਮਹਿਲਾ ਦੇ ਸਿਰ ਵਿੱਚ ਲੱਗੀ। ਗੰਭੀਰ ਜ਼ਖ਼ਮੀ ਹਾਲਤ ਵਿੱਚ ਮਹਿਲਾ ਨੂੰ ਤੁਰੰਤ ਹਸਪਤਾਲ ਦਾਖ਼ਲ ਕਰਵਾਇਆ ਗਿਆ। ਪੁਲਿਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

ਹੈਰੋਇਨ ਸਮੇਤ ਔਰਤ ਗ੍ਰਿਫ਼ਤਾਰ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 1 ਗ੍ਰਾਮ ਹੈਰੋਇਨ ਸਣੇ ਇਕ ਔਰਤ ਨੂੰ ਗ੍ਰਿਫ਼ਤ

ਨਵਾਂ ਜ਼ਮਾਨਾ
ਐਤਵਾਰਤਾ

ਖ਼ਲਾਅ ਸਦੀਆਂ ਦਾ ਹੈ,
ਇੱਕ ਛਿਣ 'ਚ ਤਾਂ ਭਰਨਾ ਨਹੀਂ ਹਾਏ,
ਇਹ ਮਿੱਟੀ ਸਖ਼ਤ ਹੈ,
ਇਕਦਮ ਇਨ੍ਹੇ ਖ਼ਰਨਾ ਨਹੀਂ ਹਾਏ।
- ਰੂਹੀ ਸਿੰਘ

ਪੈਂਗੌਂਗ ਝੀਲ ਦੇ ਨਜ਼ਾਰੇ
(ਆਖਰੀ ਸਫੇ 'ਤੇ)

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 2 ਅਗਸਤ 2026

www.nawanzamana.in

ਕੀਮਤ 5.00 ਰੁਪਏ

ਸਿੰਧੂ ਜਲ ਸੰਧੀ ਬਾਰੇ ਮੁੜ ਵਿਚਾਰ

ਪੰਜਾਬ ਦੇ ਪਾਣੀਆਂ ਦਾ ਮਸਲਾ ਜਿੱਥੇ ਦਿਨੋਂ-ਦਿਨ ਪੇਚੀਦਾ ਹੋਈ ਜਾ ਰਿਹਾ ਹੈ, ਉੱਥੇ ਦਰਿਆਈ ਪਾਣੀਆਂ ਨੂੰ ਲੈ ਕੇ ਅਨੇਕਾਂ ਸੰਕਟ ਖੜੇ ਵੀ ਹੁੰਦੇ ਰਹੇ ਹਨ। ਚਾਹੇ ਉਹ ਭਾਰਤ-ਪਾਕਿਸਤਾਨ ਦੇ ਦਰਿਆਈ ਪਾਣੀਆਂ ਦੇ ਮਸਲੇ ਹੋਣ ਜਾਂ ਸਤਲੁਜ, ਰਾਵੀ-ਬਿਆਸ ਦਰਿਆ ਦੇ ਅੰਤਰਰਾਜੀ ਝਗੜੇ ਹੋਣ, ਇਹ ਦਿਨੋਂ-ਦਿਨ ਪੇਚੀਦਾ ਹੋਈ ਜਾ ਰਹੇ ਹਨ। ਭਾਰਤ-ਪਾਕਿਸਤਾਨ ਦਾ ਦਰਿਆਈ ਪਾਣੀਆਂ ਦਾ ਝਗੜਾ ਵੀ ਅਨੇਕਾਂ ਸੰਧੀਆਂ ਦੇ ਬਾਵਜੂਦ ਪੇਚੀਦਾ ਹੋਈ ਜਾ ਰਿਹਾ ਹੈ। 1947 ਦੀ ਵੰਡ ਵੇਲੇ ਸਿੰਧ, ਜੇਹਲਮ ਅਤੇ ਝਨਾਂ ਦਰਿਆਵਾਂ ਦਾ ਪਾਣੀ ਪਾਕਿਸਤਾਨ ਵੱਲ ਵਹਿੰਦਾ ਸੀ। ਅੱਗੇ ਰਾਵੀ, ਬਿਆਸ, ਸਤਲੁਜ ਦਰਿਆ ਪੰਜਾਬ 'ਚੋਂ ਵਹਿ ਕੇ ਪਾਕਿਸਤਾਨ ਅੰਦਰ ਦਾਖਲ ਹੋ ਜਾਂਦੇ ਸਨ। ਇਨ੍ਹਾਂ 'ਚੋਂ ਪਾਣੀਆਂ ਦੇ ਮਸਲੇ ਉੱਭਰੇ। ਮਸਲੇ ਦੇ ਹੱਲ ਲਈ ਅੰਤਰ-ਰਾਸ਼ਟਰੀ ਦਖ਼ਲ ਵਧਣ ਲੱਗਾ, ਜਿਸ ਵਿੱਚੋਂ ਸਿੰਧੂ ਜਲ ਸੰਧੀ ਤੇ ਹੋਰ ਵਿਚਾਰਾਂ ਤੇ ਸੰਧੀਆਂ ਹੋਂਦ 'ਚ ਆਈਆਂ। ਇਸ ਨੂੰ ਇੰਡਸ ਵਾਟਰ ਸੰਧੀ ਵੀ ਕਿਹਾ ਜਾਂਦਾ ਹੈ, ਜਿਸ ਕਰਕੇ ਭਾਰਤ ਦਾ ਸਤਲੁਜ, ਬਿਆਸ ਤੇ ਰਾਵੀ ਦੇ ਪਾਣੀਆਂ ਉੱਤੇ ਹੱਕ ਹੋ ਜਾਂਦਾ ਹੈ। ਭਾਰਤ, ਪਾਕਿਸਤਾਨ ਨੂੰ 100 ਕਰੋੜ ਦਾ ਮੁਆਵਜ਼ਾ ਦਿੰਦਾ ਹੈ। ਹਥਲਾ ਲੇਖ ਸਿੰਧੂ ਜਲ ਸੰਧੀ ਦਾ ਵਿਆਪਕ ਪੱਧਰ 'ਤੇ ਵਿਸ਼ਲੇਸ਼ਣ ਕਰਦਾ ਹੈ।

- ਸਾਹਿਤ ਸੰਪਾਦਕ

ਭਾਰਤ ਅਤੇ ਪਾਕਿਸਤਾਨ ਦਰਮਿਆਨ ਸਿੰਧੂ ਜਲ ਸੰਧੀ, ਜਿਸ 'ਤੇ 19 ਸਤੰਬਰ 1960 ਨੂੰ ਕਰਾਚੀ ਵਿੱਚ ਉਸ ਸਮੇਂ ਦੇ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖਾਨ ਨੇ ਦਸਤਖ਼ਤ ਕੀਤੇ ਸਨ, ਕੁਝ ਹੀ ਦਿਨਾਂ ਵਿੱਚ ਆਪਣੇ ਅਸਤਿਤਵ ਦੇ 63 ਸਾਲ ਪੂਰੇ ਕਰੇਗੀ। ਇਹ ਜਲ ਵੰਡ ਸੰਧੀ ਵਿਸ਼ਵ ਬੈਂਕ ਦੀ ਮੱਧਸਥਤਾ ਅਤੇ ਵਾਰਤਾਵਾਂ ਰਾਹੀਂ ਤਿਆਰ ਕੀਤੀ ਗਈ ਸੀ, ਜਿਸ ਦਾ ਉਦੇਸ਼ ਸਿੰਧੂ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਪਾਣੀ ਦੀ ਵਰਤੋਂ ਨੂੰ ਨਿਯਮਤ ਕਰਨਾ ਸੀ। ਸੰਧੀ 'ਤੇ ਦਸਤਖ਼ਤ ਹੋਣ ਸਮੇਂ ਇਹ ਮੰਨਿਆ ਗਿਆ ਸੀ ਕਿ ਇਸ ਨਾਲ ਭਾਰਤ ਅਤੇ ਪਾਕਿਸਤਾਨ ਵਿਚਕਾਰ ਪਾਣੀ ਨਾਲ ਸੰਬੰਧਤ ਵਿਵਾਦ ਦਾ ਸਥਾਈ ਹੱਲ ਨਿਕਲ ਆਵੇਗਾ।

ਆਪਣੀ ਸ਼ੁਰੂਆਤ ਤੋਂ 63 ਸਾਲ ਬਾਅਦ ਸਿੰਧੂ ਜਲ ਸੰਧੀ ਨੂੰ ਤਕਨੀਕੀ, ਵਾਤਾਵਰਣਕ ਅਤੇ ਸਮਾਜਿਕ-ਆਰਥਿਕ ਖੇਤਰਾਂ ਵਿੱਚ ਆਏ ਵੱਡੇ ਬਦਲਾਵਾਂ ਨਾਲ ਆਪਣੇ-ਆਪ ਨੂੰ ਅਨੁਕੂਲ ਬਣਾਉਣ ਦੀ ਲੋੜ ਹੈ। ਬਦਲਾਅ ਦੀ ਤੇਜ਼ ਰਫ਼ਤਾਰ ਨੇ ਨਾ ਸਿਰਫ਼ ਸੰਧੀ ਦੇ ਕਾਰਜਕਾਰੀ ਮਾਪਦੰਡਾਂ ਨੂੰ, ਸਗੋਂ ਇਸ ਦੀ ਮੂਲ ਭਾਵਨਾ ਨੂੰ ਵੀ ਚੁਣੌਤੀ ਦਿੱਤੀ ਹੈ।

ਪਿਛਲੇ 63 ਸਾਲਾਂ ਵਿੱਚ ਇਹ ਸਪੱਸ਼ਟ ਹੋ ਗਿਆ ਹੈ ਕਿ ਦਰਿਆਵਾਂ ਵਿੱਚ ਸਿਲਟ ਦੀ ਵਧਦੀ ਮਾਤਰਾ, ਜਲਾਸ਼ਯਾਂ ਦੀ ਟਿਕਾਊ ਸਮਰੱਥਾ, ਤਕਨੀਕੀ ਤਰੱਕੀ, ਭਾਰਤ ਦੇ ਵੱਖ-ਵੱਖ ਰਾਜਾਂ ਅਤੇ ਪਾਕਿਸਤਾਨ ਦੇ ਕੁਝ ਹਿੱਸਿਆਂ ਵਿੱਚ ਪਾਣੀ ਦੀ ਘਾਟ ਨੇ ਇਸ ਖੇਤਰ ਵਿੱਚ ਜਲ ਸਰੋਤਾਂ ਦੇ ਪ੍ਰਬੰਧਨ ਦੇ ਮੁੱਖ ਮਾਪਦੰਡਾਂ ਨੂੰ ਬਦਲ ਦਿੱਤਾ ਹੈ। ਸੰਧੀ ਅਧੀਨ ਭਾਰਤ ਨੂੰ ਪੱਛਮੀ ਦਰਿਆਵਾਂ 'ਤੇ ਜਲ-ਵਿਦਯੁਤ ਪ੍ਰੋਜੈਕਟਾਂ ਦੇ ਵਿਕਾਸ ਲਈ ਲਗਾਈਆਂ ਗਈਆਂ ਪਾਬੰਦੀਆਂ ਹੁਣ ਵਿਹਾਰਕ ਨਹੀਂ ਰਹੀਆਂ। ਇਸ ਤੋਂ ਇਲਾਵਾ ਜਿਵੇਂ-ਜਿਵੇਂ ਜਲਵਾਯੂ ਪਰਿਵਰਤਨ ਦਾ ਖ਼ਤਰਾ ਵਧਦਾ ਜਾ ਰਿਹਾ ਹੈ, ਸੰਧੀ ਨੂੰ ਆਪਣੀ ਸੋਚ ਅਤੇ ਦ੍ਰਿਸ਼ਟੀਕੋਣ ਵਿੱਚ ਵੀ ਬਦਲਾਅ ਲਿਆਉਣ ਦੀ ਲੋੜ ਹੈ। ਇਸ ਪ੍ਰਸੰਗ ਵਿੱਚ ਇਹ ਸਪੱਸ਼ਟ ਹੈ ਕਿ ਸੰਧੀ ਦੇ ਲੇਖ ✓99 (3) ਅਧੀਨ ਇਸ ਦੀ ਮੁੜ ਗੱਲਬਾਤ (ਪੁਨਰ-ਵਾਰਤਾ) ਕਰਨਾ ਬਹੁਤ ਜ਼ਰੂਰੀ ਹੈ।

ਇਹ ਸਮਝਣ ਲਈ ਕਿ ਸੰਧੀ ਹੌਲੀ-ਹੌਲੀ ਗੈਰ-ਕਾਰਗਰ ਕਿਉਂ ਬਣਦੀ ਜਾ ਰਹੀ ਹੈ, ਆਜ਼ਾਦੀ ਤੋਂ ਪਹਿਲਾਂ ਦੇ ਅਖੰਡ ਪੰਜਾਬ ਦੀ ਸਿੰਚਾਈ ਪ੍ਰਣਾਲੀ ਅਤੇ 1947 ਵਿੱਚ ਭਾਰਤ ਦੀ ਵੰਡ ਤੋਂ ਬਾਅਦ ਪੂਰਬੀ ਪੰਜਾਬ (ਭਾਰਤ) ਅਤੇ ਪੱਛਮੀ ਪੰਜਾਬ (ਪਾਕਿਸਤਾਨ) ਵਿਚਕਾਰ ਉਸ ਦੀ ਵੰਡ ਨੂੰ ਸਮਝਣਾ ਮਹੱਤਵਪੂਰਨ ਹੈ। ਇਹ ਲੇਖ ਭਾਰਤ-ਪਾਕਿਸਤਾਨ ਦਰਮਿਆਨ ਪਾਣੀ ਦੇ ਵਿਵਾਦਾਂ ਦਾ ਇਤਿਹਾਸਕ ਪ੍ਰਸੰਗ ਵੀ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ, ਲੇਖ ਇਹ ਵੀ ਰੌਸ਼ਨ ਕਰਦਾ ਹੈ ਕਿ ਸੰਧੀ ਦੇ ਢਾਂਚੇ ਦੇ ਅਧੀਨ ਭਾਰਤ ਦੇ ਪੱਛਮੀ ਰਾਜਾਂ ਵਿੱਚ ਜਲ-ਵਿਦਯੁਤ ਵਿਕਾਸ 'ਤੇ ਇਨ੍ਹਾਂ ਵਿਵਾਦਾਂ ਦਾ ਕੀ ਪ੍ਰਭਾਵ ਪਿਆ। ਇਸ ਲੇਖ ਵਿੱਚ ਦਿੱਤਾ ਗਿਆ ਵਿਸ਼ਲੇਸ਼ਣ ਅਤੇ ਵਿਚਾਰ-ਵਟਾਂਦਰਾ ਸੰਧੀ ਦੀ ਮੁੜ ਗੱਲਬਾਤ ਦੀ ਲੋੜ ਨੂੰ ਜ਼ੋਰਦਾਰ ਢੰਗ ਨਾਲ ਉਭਾਰਦਾ ਹੈ।

ਆਜ਼ਾਦੀ ਤੋਂ ਪਹਿਲਾਂ ਅਖੰਡ ਪੰਜਾਬ ਦੀ ਸਿੰਚਾਈ ਪ੍ਰਣਾਲੀ ਅਤੇ ਵੰਡ ਤੋਂ ਬਾਅਦ ਇਸ ਦੀ ਵੰਡ

ਵਿਸ਼ਾਲ ਦਰਿਆ ਅਤੇ ਉਨ੍ਹਾਂ ਦਾ ਪਾਣੀ ਪੰਜਾਬ ਦੀ ਪਛਾਣ ਅਤੇ ਹੋਂਦ ਦਾ ਕੇਂਦਰੀ ਅੰਗ ਰਹੇ ਹਨ। ਰਿਗਵੇਦਿਕ ਯੁੱਗ ਵਿੱਚ ਪੰਜਾਬ ਨੂੰ ਸਪਤ ਸਿੰਧੂ (ਸੱਤ ਦਰਿਆਵਾਂ ਦੀ ਧਰਤੀ) ਕਿਹਾ ਜਾਂਦਾ ਸੀ। ਰਾਮਾਇਣ, ਮਹਾਂਭਾਰਤ ਅਤੇ ਪੁਰਾਣਾਂ ਵਿੱਚ ਪੰਜਾਬ ਲਈ ਪੰਚਨਦ ਨਾਂਅ ਦਾ ਵੀ ਜ਼ਿਕਰ ਮਿਲਦਾ ਹੈ। ਇਸ ਖੇਤਰ ਨੂੰ ਬ੍ਰਹਮ ਵਰਤ ਵੀ ਕਿਹਾ ਜਾਂਦਾ ਸੀ, ਜੋ ਕਿ ਪੌਰਾਣਿਕ ਸਰਸਵਤੀ ਅਤੇ ਦ੍ਰਿਸ਼ਦਵਤੀ ਨਦੀਆਂ ਦੇ ਵਿਚਕਾਰ ਦਾ ਇਲਾਕਾ ਮੰਨਿਆ ਜਾਂਦਾ ਸੀ। ਯੂਨਾਨੀਆਂ ਨੇ ਪੰਜਾਬ ਨੂੰ ਪੈਂਟਾਪੋਟਾਮੀਆ (Penta = ਪੰਜ, Potamia = ਦਰਿਆ) ਦਾ ਨਾਂਅ ਦਿੱਤਾ ਸੀ।

ਅਖੰਡ ਪੰਜਾਬ ਦਾ ਕੁੱਲ ਖੇਤਰਫਲ 3,58,354.5 ਵਰਗ ਕਿਲੋਮੀਟਰ ਸੀ। ਇਹ ਖੇਤਰ ਛੇ ਮਹਾਨ ਦਰਿਆਵਾਂ ਨਾਲ ਸਿੰਜਿਆ ਹੋਇਆ ਸੀ, ਜੋ ਇਸ ਇਤਿਹਾਸਕ ਤੌਰ 'ਤੇ ਖੇਤੀ-ਪ੍ਰਧਾਨ ਪ੍ਰਦੇਸ਼ ਦੀ ਜੀਵਨ-ਰੇਖਾ ਸਨ। ਇਹ ਦਰਿਆ ਹਨ :

ਸਿੰਧੂ, ਝੇਲਮ, ਚਨਾਬ, ਰਾਵੀ, ਸਤਲੁਜ, ਬਿਆਸ

1947 ਵਿੱਚ ਭਾਰਤ ਦੀ ਵੰਡ ਤੋਂ ਬਾਅਦ ਪੂਰਬੀ ਪੰਜਾਬ (ਕੁੱਲ ਖੇਤਰਫਲ ਦਾ 42 ਫੀਸਦੀ) ਭਾਰਤ ਦਾ ਹਿੱਸਾ ਬਣਿਆ, ਜਦਕਿ ਪੱਛਮੀ ਪੰਜਾਬ (58 ਫੀਸਦੀ) ਪਾਕਿਸਤਾਨ ਵਿੱਚ ਸ਼ਾਮਲ ਹੋ ਗਿਆ। ਭਾਰਤ ਦੀ ਵੰਡ ਤੋਂ ਪਹਿਲਾਂ ਅਖੰਡ ਪੰਜਾਬ ਵਿੱਚ ਵੀਹਵੀਂ ਸਦੀ ਦੇ ਸ਼ੁਰੂਆਤੀ ਦੌਰ ਵਿੱਚ ਪੰਜ ਪ੍ਰਮੁੱਖ ਨਹਿਰਾਂ ਦਾ ਨਿਰਮਾਣ ਕੀਤਾ ਗਿਆ ਸੀ। ਇਹ ਸਨ :

ਲੋਅਰ ਚਨਾਬ ਨਹਿਰ, ਲੋਅਰ ਝੇਲਮ ਨਹਿਰ, ਅੱਪਰ ਝੇਲਮ ਨਹਿਰ, ਅੱਪਰ ਚਨਾਬ ਨਹਿਰ, ਲੋਅਰ ਬਾਰੀ ਦੋਆਬ ਨਹਿਰ।

ਸਿੰਧੂ ਨਹਿਰ ਪ੍ਰਣਾਲੀ ਰਾਹੀਂ ਹਰ ਸਾਲ ਸਿੰਚਾਈ ਕੀਤੀ ਜਾਣ ਵਾਲੀ ਲੱਗਭੱਗ 2.6 ਕਰੋੜ ਏਕੜ ਜ਼ਮੀਨ ਵਿੱਚੋਂ 2.1 ਕਰੋੜ ਏਕੜ ਸਿੰਚਿਤ ਜ਼ਮੀਨ ਪਾਕਿਸਤਾਨ ਦੇ ਹਿੱਸੇ ਵਿੱਚ ਆਈ, ਜਦਕਿ ਕੇਵਲ 50 ਲੱਖ ਏਕੜ ਜ਼ਮੀਨ ਹੀ ਭਾਰਤ ਦੇ ਪੂਰਬੀ ਪੰਜਾਬ ਨੂੰ ਮਿਲੀ। ਸਾਲ 1945-46 ਵਿੱਚ ਸਿੰਧੂ ਮੈਦਾਨੀ ਖੇਤਰ ਵਿੱਚ ਸਿੰਚਾਈ ਹੇਠ ਕੁੱਲ 1.95 ਕਰੋੜ ਏਕੜ ਜ਼ਮੀਨ ਪਾਕਿਸਤਾਨ ਵਿੱਚ ਸੀ, ਜਦਕਿ ਸਿਰਫ਼ 38 ਲੱਖ ਏਕੜ ਜ਼ਮੀਨ ਭਾਰਤ ਦੇ ਹਿੱਸੇ ਆਈ।

1941 ਦੀ ਜਨਗਣਨਾ ਅਨੁਸਾਰ, ਸਿੰਧੂ ਜਲ ਪ੍ਰਣਾਲੀ 'ਤੇ ਨਿਰਭਰ ਆਬਾਦੀ ਵਿੱਚੋਂ ਲੱਗਭੱਗ 2.5 ਕਰੋੜ ਲੋਕ ਪਾਕਿਸਤਾਨ ਵਿੱਚ ਅਤੇ 2.1 ਕਰੋੜ ਲੋਕ ਭਾਰਤ ਵਿੱਚ ਸਨ। ਵੰਡ ਤੋਂ ਬਾਅਦ ਅੱਪਰ ਬਾਰੀ ਦੋਆਬ ਨਹਿਰ (UBDC) ਅਤੇ ਫਿਰੋਜ਼ਪੁਰ ਹੈੱਡਵਰਕਸ ਤੋਂ ਇਲਾਵਾ ਬਾਕੀ ਨਹਿਰ ਪ੍ਰਣਾਲੀ ਵਿੱਚ 131 ਨਹਿਰਾਂ ਪਾਕਿਸਤਾਨ ਨੂੰ ਮਿਲੀਆਂ, ਜਦਕਿ ਭਾਰਤ ਨੂੰ ਕੇਵਲ 12 ਨਹਿਰਾਂ ਹੀ ਪ੍ਰਾਪਤ ਹੋਈਆਂ। ਇਸ ਤਰ੍ਹਾਂ, ਜਲ ਸਰੋਤਾਂ ਦੀ ਵੰਡ ਦੋਵੇਂ ਪੰਜਾਬਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਨਹੀਂ ਸੀ।

ਜਲ ਸਰੋਤਾਂ ਦੀ ਇਸ ਵੰਡ ਦੇ ਪ੍ਰਭਾਵ ਸਰਹੱਦੀ ਖੇਤਰਾਂ ਤੱਕ ਹੀ ਸੀਮਿਤ ਨਹੀਂ ਰਹੇ। ਪੂਰਬੀ ਪੰਜਾਬ ਦੇ ਦਰਿਆਵਾਂ ਤੋਂ ਦੂਰਲੇ ਅਤੇ ਪਹਾੜੀ ਇਲਾਕੇ ਵੰਡ ਦੇ ਸਮੇਂ ਵਿਕਾਸ ਦੀ ਉਡੀਕ ਕਰ ਰਹੇ ਸਨ। ਕੁੱਲ ਵਰਤੇ ਜਾਂਦੇ ਪਾਣੀ ਵਿੱਚੋਂ ਭਾਰਤੀ ਪਾਸੇ ਦੀਆਂ ਨਹਿਰਾਂ ਕੇਵਲ 83 ਲੱਖ ਏਕੜ-ਫੁੱਟ ਪਾਣੀ ਵਰਤਦੀਆਂ ਸਨ, ਜਦਕਿ ਪਾਕਿਸਤਾਨ ਵਿੱਚ ਇਹ ਮਾਤਰਾ 6 ਕਰੋੜ 44 ਲੱਖ ਏਕੜ-ਫੁੱਟ ਸੀ। ਭਾਰਤ ਵਿੱਚ ਪ੍ਰਤੀ ਸਿੰਚਿਤ ਏਕੜ ਲੱਗਭੱਗ 2.2 ਏਕੜ-ਫੁੱਟ ਪਾਣੀ ਉਪਲੱਬਧ ਸੀ, ਜਦਕਿ ਪਾਕਿਸਤਾਨ ਵਿੱਚ ਇਹ 3.3 ਏਕੜ-ਫੁੱਟ ਪ੍ਰਤੀ ਏਕੜ ਸੀ।

ਵੰਡ ਤੋਂ ਬਾਅਦ ਭਾਰਤ ਨੂੰ ਮਿਲੀਆਂ ਕੁਝ ਨਹਿਰਾਂ ਵੀ ਪਾਕਿਸਤਾਨ ਨਾਲੋਂ ਕਾਫ਼ੀ ਘੱਟ ਅਤੇ ਵਿਖਰੀਆਂ ਹੋਈਆਂ ਸਨ। ਇਹ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਮਹੱਤਵਪੂਰਨ ਹੈ ਕਿ ਪੂਰਬੀ ਪੰਜਾਬ (ਭਾਰਤ) ਦੇ ਸਿੰਧੂ ਮੈਦਾਨੀ ਖੇਤਰ ਪਾਕਿਸਤਾਨ ਵਿੱਚ ਚਲੇ ਗਏ ਖੇਤਰਾਂ ਨਾਲੋਂ ਕਾਫ਼ੀ ਘੱਟ ਵਿਕਸਿਤ ਸਨ। ਇਸ ਦਾ ਨਤੀਜਾ ਇਹ ਨਿਕਲਿਆ ਕਿ ਭਾਰਤ ਦਾ ਪੂਰਬੀ ਪੰਜਾਬ ਪਾਣੀ ਦੀ ਭਾਰੀ ਘਾਟ ਨਾਲ ਜੂਝਦਾ ਰਿਹਾ ਅਤੇ ਇਸ ਨੂੰ ਸਿੰਚਾਈ ਪ੍ਰਣਾਲੀ ਦਾ ਬਹੁਤ ਹੀ ਸੀਮਿਤ ਹਿੱਸਾ ਮਿਲਿਆ।

ਅੱਜ ਵੀ ਭਾਰਤ ਦਾ ਪੰਜਾਬ ਰਾਜ ਭੂ-ਜਲ ਦੇ 145 ਪ੍ਰਤੀਸ਼ਤ ਦੋਹਣ ਕਾਰਨ 'ਅਤਿ-ਦੋਹਣ (Over-Exploited)' ਸ਼੍ਰੇਣੀ ਵਿੱਚ ਆਉਂਦਾ ਹੈ। ਪੂਰਬੀ ਪੰਜਾਬ ਦੇ ਜ਼ਿਆਦਾਤਰ ਖੇਤਰਾਂ ਵਿੱਚ ਭੂ-ਜਲ ਦਾ ਪੱਧਰ ਘਟ ਕੇ ਧਰਤੀ ਦੀ ਸਤ੍ਹਾ ਤੋਂ ਲੱਗਭੱਗ 200 ਤੋਂ 300 ਮੀਟਰ ਹੇਠਾਂ ਚਲਾ ਗਿਆ ਹੈ।

ਪੂਰਬੀ ਪੰਜਾਬ ਵਿੱਚ ਪਾਣੀ ਦੇ ਸੰਕਟ ਨੂੰ ਦੂਰ ਕਰਨ ਲਈ, ਆਜ਼ਾਦੀ ਤੋਂ ਤੁਰੰਤ ਬਾਅਦ ਭਾਰਤ ਨੇ 1949 ਵਿੱਚ ਚਨਾਬ ਦਰਿਆ ਦਾ ਰੁਖ ਮੋੜਨ ਦੀ ਇੱਕ ਯੋਜਨਾ ਤਿਆਰ ਕੀਤੀ। ਇਸ ਯੋਜਨਾ ਅਧੀਨ ਹਿਮਾਚਲ ਪ੍ਰਦੇਸ਼ ਵਿੱਚ ਟਿੰਡੀ ਪਿੰਡ ਤੋਂ ਲੱਗਭੱਗ 7 ਕਿਲੋਮੀਟਰ ਹੇਠਾਂ ਚੰਦਰਭਾਗਾ (ਚਨਾਬ) ਦਰਿਆ 'ਤੇ ਇੱਕ ਬਾਂਧ ਬਣਾਉਣ ਦਾ ਪ੍ਰਸਤਾਵ ਸੀ। ਇਸ ਰਾਹੀਂ ਚਨਾਬ ਦਾ ਪਾਣੀ ਹਿਮਾਚਲ ਪ੍ਰਦੇਸ਼ ਦੀ ਚੁਰਾਹ ਘਾਟੀ ਰਾਹੀਂ ਰਾਵੀ ਦਰਿਆ ਦੇ ਜਲਗ੍ਰਹਿਣ ਖੇਤਰ ਵੱਲ ਮੋੜਿਆ ਜਾਣਾ ਸੀ। ਪਰੰਤੂ 1960 ਵਿੱਚ ਸਿੰਧੂ ਜਲ ਸੰਧੀ 'ਤੇ ਦਸਤਖ਼ਤ ਹੋਣ ਤੋਂ ਬਾਅਦ

ਦੇਵੇਂਦਰ ਕੁਮਾਰ ਸ਼ਰਮਾ

ਇਹ ਯੋਜਨਾ ਰੱਦ ਕਰ ਦਿੱਤੀ ਗਈ। ਇਹ ਉਦਾਹਰਨ ਦਰਸਾਉਂਦੀ ਹੈ ਕਿ ਸੰਧੀ ਨੇ ਵਿਕਾਸ ਨੂੰ ਉਤਸ਼ਾਹਿਤ ਕਰਨ ਦੀ ਬਜਾਏ ਕਈ ਵਿਕਾਸੀ ਯਤਨਾਂ ਨੂੰ ਸੀਮਿਤ ਕੀਤਾ।

ਜਲ ਵਿਵਾਦਾਂ ਦਾ ਇਤਿਹਾਸਕ ਪਿਛੋਕੜ ਅਤੇ ਸਿੰਧੂ ਜਲ ਸੰਧੀ 'ਤੇ ਦਸਤਖ਼ਤ

ਭਾਰਤ ਅਤੇ ਪਾਕਿਸਤਾਨ ਵਿਚਕਾਰ ਜਲ ਵਿਵਾਦਾਂ ਨੂੰ ਸਮਝਣ ਲਈ 18 ਜੁਲਾਈ 1947 ਨੂੰ ਬ੍ਰਿਟਿਸ਼ ਸੰਸਦ ਦੁਆਰਾ ਪਾਸ ਕੀਤੇ ਗਏ ਭਾਰਤੀ ਆਜ਼ਾਦੀ ਐਕਟ ਵੱਲ ਮੁੜ ਦੇਖਣਾ ਲਾਜ਼ਮੀ ਹੈ। ਇਸ ਐਕਟ ਦੇ ਪਾਸ ਹੋਣ ਵੇਲੇ ਭਾਰਤ ਅਤੇ ਪਾਕਿਸਤਾਨ ਦੀ ਅੰਤਿਮ ਸਰਹੱਦ ਨਿਰਧਾਰਤ ਨਹੀਂ ਸੀ। ਦਰਿਆਵਾਂ ਦੇ ਪਾਣੀ ਦੀ ਵਰਤੋਂ ਦਾ ਫੈਸਲਾ ਬਾਅਦ ਵਿੱਚ ਦੋਵੇਂ ਨਵੇਂ ਦੇਸ਼ਾਂ ਨੇ ਆਪਸੀ ਸਹਿਮਤੀ ਨਾਲ ਕਰਨਾ ਸੀ। ਇਹ ਸਭ ਉਸ ਸਮੇਂ ਹੋਇਆ ਜਦੋਂ ਵੰਡ ਕਾਰਨ ਦੋਵੇਂ ਪਾਸਿਆਂ ਭਾਰੀ ਖ਼ੂਨ-ਖ਼ਰਾਬਾ, ਵਿਸਥਾਪਨ ਅਤੇ ਅਪਾਰ ਮਨੁੱਖੀ ਦੁੱਖ ਵਾਪਰਿਆ।

ਅੱਪਰ ਬਾਰੀ ਦੋਆਬ ਨਹਿਰ ਦੇ ਹੈੱਡਵਰਕਸ ਭਾਰਤ ਦੇ ਮਾਧੋਪੁਰ ਵਿੱਚ ਸਨ, ਜਦਕਿ ਡਿਪਾਲਪੁਰ ਨਹਿਰ ਨੂੰ ਆਪਣਾ

ਪਾਣੀ ਪੂਰਬੀ ਪੰਜਾਬ ਦੇ ਫਿਰੋਜ਼ਪੁਰ ਬੈਰਾਜ ਤੋਂ ਮਿਲਣਾ ਸੀ। ਆਜ਼ਾਦੀ ਤੋਂ ਬਾਅਦ ਪੂਰਬੀ ਪੰਜਾਬ (ਭਾਰਤ) ਅਤੇ ਪੱਛਮੀ ਪੰਜਾਬ (ਪਾਕਿਸਤਾਨ) ਦੇ ਦੋਵੇਂ ਮੁੱਖ ਇੰਜੀਨੀਅਰ, ਜੋ ਵੰਡ ਤੋਂ ਪਹਿਲਾਂ ਇਕੱਠੇ ਕੰਮ ਕਰਦੇ ਸਨ, ਨੇ 20 ਦਸੰਬਰ 1947 ਨੂੰ ਇੱਕ ਸਮਝੌਤਾ ਕੀਤਾ ਕਿ ਮਾਧੋਪੁਰ ਅਤੇ ਫਿਰੋਜ਼ਪੁਰ ਹੈੱਡਵਰਕਸ 'ਤੇ 31 ਮਾਰਚ 1948 ਤੱਕ ਪਹਿਲਾਂ ਵਾਲੀ ਸਥਿਤੀ (Status Quo) ਕਾਇਮ ਰਹੇਗੀ, ਪਰ ਪੱਛਮੀ ਪੰਜਾਬ ਨੇ ਇਸ ਸਮਝੌਤੇ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਇਸ ਦੇ ਨਵੀਨੀਕਰਨ ਲਈ ਕੋਈ ਕਦਮ ਨਹੀਂ ਚੁੱਕਿਆ।

29 ਮਾਰਚ 1948 ਨੂੰ ਪੂਰਬੀ ਪੰਜਾਬ ਵੱਲੋਂ ਨੋਟਿਸ ਦਿੱਤੇ ਜਾਣ ਦੇ ਬਾਵਜੂਦ ਜਦੋਂ ਪੱਛਮੀ ਪੰਜਾਬ ਨੇ ਸਮਝੌਤੇ ਨੂੰ ਨਵਿਆਉਣ ਲਈ ਕੋਈ ਕਾਰਵਾਈ ਨਾ ਕੀਤੀ ਤਾਂ 1 ਅਪ੍ਰੈਲ 1948 ਨੂੰ ਪੂਰਬੀ ਪੰਜਾਬ ਨੇ ਆਪਣੀਆਂ ਸਥਾਪਨਾਵਾਂ ਦੀ ਵਰਤੋਂ ਰੋਕ ਦਿੱਤੀ। ਇਸ ਦੇ ਨਤੀਜੇ ਵਜੋਂ ਲਾਹੌਰ ਨੇੜੇ ਸੈਂਟਰਲ ਬਾਰੀ ਦੋਆਬ ਨਹਿਰ (3243) ਦੀਆਂ ਹੇਠਲੀਆਂ ਨਹਿਰਾਂ ਸੁੱਕ ਗਈਆਂ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਫ਼ੈਸਲੇ ਉਸ ਸਮੇਂ ਲਏ ਗਏ ਜਦੋਂ ਦੋਵੇਂ ਦੇਸ਼ਾਂ ਦੇ ਲੋਕ ਬੇਹੱਦ ਮਾਨਸਿਕ ਅਤੇ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਹੇ ਸਨ।

ਬਾਅਦ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣੇ ਚੌਧਰੀ ਮੁਹੰਮਦ ਅਲੀ, ਜੋ ਉਸ ਸਮੇਂ ਪਾਕਿਸਤਾਨ ਦੇ ਸਕੱਤਰ ਜਨਰਲ ਸਨ, ਨੇ ਇਸ ਘਟਨਾ ਨੂੰ ਪੱਛਮੀ ਪੰਜਾਬ ਵੱਲੋਂ 'ਫ਼ਰਜ਼ ਪ੍ਰਤੀ ਲਾਪਰਵਾਹੀ, ਸੰਤੁਸ਼ਟੀ ਅਤੇ ਸਾਂਝੀ ਸੂਝ-ਬੂਝ ਦੀ ਘਾਟ' ਕਰਾਰ ਦਿੱਤਾ, ਜਿਸ ਦੇ ਪਾਕਿਸਤਾਨ ਲਈ ਗੰਭੀਰ

ਕਾਕਰੋਚ ਜਨਤਾ ਪਾਰਟੀ ਦੇ ਪ੍ਰਦਰਸ਼ਨ ਪਿੱਛੋਂ ਜ਼ੈੱਨ ਅਲਫਾ ਦੀ ਚਰਚਾ ਵੀ ਬਰੂਹਾਂ ਖੜਕਾਉਣ ਲੱਗੀ

ਦ੍ਰਿਸ਼ਟੀਕੋਣ
ਜਤਿੰਦਰ ਪਨੂੰ

ਐਨ ਓਦੋਂ, ਜਦੋਂ ਸਾਡੇ ਵਕਤ ਦਾ ਸੰਸਾਰ ਜ਼ੈਨ-ਜ਼ੀ ਦੇ ਜੋਸ਼ੀਲੇ ਸਮਾਜੀ ਟਕਰਾਵਾਂ ਦੀ ਝਲਕ ਵੇਖ ਚੁੱਕਾ ਤੇ ਸਗੋਂ ਇਹ ਵੀ ਕਿ ਨੇਪਾਲ ਵਰਗੇ ਦੇਸ਼ ਵਿੱਚ ਜਿੱਡੀ ਵੱਡੀ ਭੁਚਾਲੀ ਤਬਦੀਲੀ ਉਨ੍ਹਾਂ ਕਰ ਵਿਖਾਈ ਹੈ, ਚੰਗੀ ਹੋਵੇ ਜਾਂ ਮਾੜੀ, ਉਸ ਮਗਰੋਂ ਇਸ ਤੋਂ ਅਗਲੀ ਪੀੜ੍ਹੀ, ਜ਼ੈੱਨ-ਅਲਫਾ ਦੀ ਧਮਕ ਵੀ ਅਚਾਨਕ ਸੁਣਾਈ ਦੇਣ ਲੱਗੀ ਹੈ। ਇਕੱਤੀ ਜੁਲਾਈ ਦੇ ਅਖਬਾਰਾਂ ਵਿੱਚ ਇਹ ਖਬਰ ਅਸੀਂ ਪੜ੍ਹੀ ਕਿ ਪਾਕਿਸਤਾਨ ਸਰਕਾਰ ਇਸ ਗੱਲ ਤੋਂ ਤ੍ਰਹਿਕਦੀ ਪਈ ਹੈ ਕਿ ਉਸ ਦੇਸ਼ ਵਿੱਚ ਜ਼ੈੱਨ ਜ਼ੀ ਜਾਂ ਭਾਰਤ ਦੀ ਵੇਖੋ-ਵੇਖੀ ਕਾਕਰੋਚ ਦੇ ਨਾਂਅ ਦੀ ਨਵੀਂ ਪਾਰਟੀ ਉੱਭਰ ਪਈ ਤਾਂ ਉਸ ਨਾਲ ਆਢਾ ਲੈਣਾ ਬਹੁਤ ਮੁਸ਼ਕਲ ਹੋ ਜਾਵੇਗਾ। ਜ਼ੈੱਨ ਜ਼ੀ ਵਾਲੇ ਲੋਕ, ਜਿਹੜੇ ਚਲੰਤ ਸਦੀ ਦੇ ਮੁੱਢਲੇ ਦਿਨਾਂ ਦੇ ਆਸ-ਪਾਸ ਵਾਲੇ ਸਾਲਾਂ ਵਿੱਚ ਪੈਦਾ ਹੋਏ ਸਨ, ਉਹ ਨਵੇਂ ਮਾਹੌਲ ਵਿੱਚ ਕਿਸੇ ਦੇ ਕਾਬੂ ਵਿੱਚ ਰਹਿਣ ਦੀ ਥਾਂ ਜਿਹੜਾ ਕੁਝ ਬਰਦਾਸ਼ਤ ਦੀ ਹੱਦੋਂ ਪਾਰ ਜਾਪਦਾ ਹੋਵੇ, ਉਸ ਵਿਰੁੱਧ ਹੜ੍ਹ ਬਣ ਕੇ ਸਮਾਜੀ ਦਰਿਆ ਦੇ ਕੰਢੇ ਤੋੜਨ ਨੂੰ ਤਿਆਰ ਹੁੰਦੇ ਹਨ। ਕਈ ਦੇਸ਼ਾਂ ਵਿੱਚ ਇਨ੍ਹਾਂ ਦੀ ਸਰਗਰਮੀ ਦੇ ਵਕਤ ਇਹ ਚਰਚਾ ਵੀ ਛਿੜਦੀ ਰਹੀ ਹੈ ਕਿ ਭਾਰਤ ਦੇ ਹਾਲਾਤ ਵੀ ਇਸ ਕਿਸਮ ਦੇ ਬਣਦੇ ਜਾਂਦੇ ਹਨ ਕਿ ਕੱਲ੍ਹ-ਕਲੋਤਰ ਨੂੰ ਜੇ ਕਿਧਰੇ ਜ਼ੈੱਨ ਜ਼ੀ ਵਾਲਿਆਂ ਦਾ ਝੰਡਾ ਚੁੱਕਣ ਦਾ ਇਰਾਦਾ ਬਣ ਗਿਆ ਤਾਂ ਉਸ ਵੇਲੇ ਸਾਹਮਣਾ ਕਰਨ ਵਿੱਚ ਸਰਕਾਰ ਦੀਆਂ ਚੂਲਾਂ ਹਿੱਲਣ ਦੀ ਨੌਬਤ ਵੀ ਆ ਸਕਦੀ ਹੈ। ਉਹ ਨੌਬਤ ਇਸ ਲਈ ਨਹੀਂ ਆਈ ਕਿ ਉਹ ਹਾਲਾਤ ਬਣਨੋਂ ਪਹਿਲਾਂ ਭਾਰਤ ਦੀ ਸੁਪਰੀਮ ਕੋਰਟ ਦੇ ਮੁੱਖ ਜੱਜ ਦੇ ਮੂੰਹੋਂ ਨਿਕਲੀ ਇੱਕ ਟਿਪਣੀ ਨੇ ਇਸ ਦੇਸ਼ ਦੇ ਨੌਜਵਾਨਾਂ ਦਾ ਰੁਖ ਉਸ ਟਿੱਪਣੀ ਦੇ ਵਿਰੋਧ ਵਿੱਚ ਬਣਾਈ ਗਈ ਕਾਕਰੋਚ ਜਨਤਾ ਪਾਰਟੀ ਵੱਲ ਕਰ ਦਿੱਤਾ ਤੇ ਇਸ ਪਾਰਟੀ ਨੂੰ ਆਪਣੀ ਤਾਕਤ ਉਸ ਪਾਸੇ ਦਿਖਾਉਣ ਦਾ ਮੌਕਾ ਵੀ ਪੇਪਰ ਲੀਕੇਜ ਦੇ ਮੁੱਦੇ ਨੇ ਬਿਨਾਂ ਮੰਗੇ ਲਿਆ ਪਰੋਸਿਆ ਸੀ।

ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਆਪਣੇ ਆਪ ਨੂੰ ਇਤਿਹਾਸ ਦਾ ਯੋਧਾ ਜਾਂ ਅਵਤਾਰੀ ਪੁਰਸ਼ ਅਖਵਾਉਣ ਲਈ ਆਪਣੇ ਛਪੰਜਾ ਇੰਚ ਸੀਨੇ ਦਾ ਹਵਾਲਾ ਕਈ ਵਾਰ ਦੇ ਚੁੱਕੇ ਹਨ ਤੇ ਇਹ ਵੀ ਕਈ ਵਾਰ ਕਹਿ ਚੁੱਕੇ ਹਨ ਕਿ 'ਇਹ ਮੋਦੀ ਹੈ, ਇਹ ਕਿਸੇ ਦੇ ਅੱਗੇ ਝੁਕਣ ਵਾਲਾ ਨਹੀਂ।' ਬੀਤੇ ਸਾਲਾਂ ਨੇ ਉਸ ਦੇ ਏਦਾਂ ਦੇ ਦਾਅਵੇ ਦੀ ਫੂਕ ਕਈ ਵਾਰ ਕੱਢੀ ਹੋਈ ਹੈ। ਪਹਿਲੀ ਹਾਰ ਉਨ੍ਹਾ ਦੀ ਓਦੋਂ ਹੋਈ, ਜਦੋਂ ਦਿੱਲੀ ਵਿੱਚ ਡਟੇ ਹੋਏ ਕਿਸਾਨਾਂ ਨਾਲ ਗੱਲਬਾਤ ਕਰਨ ਦਾ ਸਮਾਂ ਨਾ ਕੱਢਣ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਤਰਫਾ ਤੌਰ ਉੱਤੇ ਐਲਾਨ ਕਰਨਾ ਪਿਆ ਕਿ ਕਿਸਾਨਾਂ ਦੀ ਨਾਰਾਜ਼ਗੀ ਵਾਲੇ ਤਿੰਨੇ ਕਾਨੂੰਨ ਕੇਂਦਰ ਸਰਕਾਰ ਨੇ ਜਿਸ ਤਰ੍ਹਾਂ ਬਣਾਏ ਹਨ, ਪਾਰਲੀਮੈਂਟ ਦੇ ਦੋਵਾਂ ਹਾਊਸਾਂ ਵਿੱਚ ਮਤੇ ਪਾਸ ਕਰ ਕੇ ਓਸੇ ਤਰ੍ਹਾਂ ਰੱਦ ਕੀਤੇ ਜਾਣਗੇ ਤੇ ਫਿਰ ਕਰਨੇ ਵੀ ਪਏ ਸਨ। ਇਹ ਗੱਲ ਵੱਖਰੀ ਹੈ ਕਿ ਰਾਸ਼ਟਰਪਤੀ ਕੋਲੋਂ ਦਸਤਖਤ ਕਰਾਉਣ ਪਿੱਛੋਂ ਵੀ ਉਸ ਮਤੇ ਦਾ ਨੋਟੀਫੀਕੇਸ਼ਨ ਕਦੇ ਜਾਰੀ ਨਹੀਂ ਕੀਤਾ ਗਿਆ, ਜਿਹੜਾ ਕਿਸਾਨਾਂ ਨਾਲ ਖੁਦ ਕੀਤੇ ਗਏ ਵਾਅਦੇ ਮਗਰੋਂ ਪਾਰਲੀਮੈਂਟ ਤੋਂ ਪਾਸ ਕਰਵਾਇਆ ਸੀ, ਪਰ ਉਨ੍ਹਾਂ ਦਾ ਝੁਕਣਾ ਇੱਕ ਇਤਿਹਾਸਕ ਹਕੀਕਤ ਹੋਣ ਬਾਰੇ ਪਤਾ ਇਸ ਦੇਸ਼ ਦੇ ਲੋਕਾਂ ਨੂੰ ਲੱਗ ਗਿਆ ਸੀ। ਜਦੋਂ ਕਾਕਰੋਚ ਜਨਤਾ ਪਾਰਟੀ ਦੇ ਨਾਂਅ ਹੇਠ ਦਿੱਲੀ ਵਿੱਚ ਪ੍ਰਦਰਸ਼ਨ ਸ਼ੁਰੂ ਕੀਤੇ ਜਾਣ ਲੱਗੇ ਤਾਂ ਪ੍ਰਧਾਨ ਮੰਤਰੀ ਅਤੇ ਉਨ੍ਹਾ ਦੀ ਪਾਰਟੀ ਅਤੇ ਸਰਕਾਰ ਨੇ ਉਨ੍ਹਾਂ ਨੂੰ ਟਿੱਚ ਜਾਨਣ ਦਾ ਯਤਨ ਕੀਤਾ ਤੇ ਉਨ੍ਹਾਂ ਦੇ ਕਹੇ ਉੱਤੇ ਕੇਂਦਰੀ ਸਿੱਖਿਆ ਮੰਤਰੀ ਵਿਰੁੱਧ ਕਾਰਵਾਈ ਨੂੰ ਤਿਆਰ ਨਹੀਂ ਸਨ ਹੋ ਰਹੇ। ਭਾਜਪਾ ਦੇ ਸਾਰੇ ਵੱਡੇ-ਛੋਟੇ ਨੇਤਾ ਇਹ ਕਹਿੰਦੇ ਸਨ ਕਿ ਅੱਗੇ ਮੋਦੀ ਹੈ, ਉਹ ਕਦੇ ਕਿਸੇ ਅੱਗੇ ਝੁਕਣਗੇ ਨਹੀਂ, ਪਰ ਸਮੇਂ ਨੇ ਫਿਰ ਸਾਬਤ ਕਰ ਦਿੱਤਾ ਕਿ ਜਦੋਂ ਲੋਕਾਂ ਦਾ ਹੜ੍ਹ ਆਉਂਦਾ ਹੈ ਤਾਂ ਰੁਝਨ ਜਾਂ ਝੁਕਣ ਵਿੱਚੋਂ ਇੱਕ ਦੀ ਚੋਣ ਕਰਨੀ ਪੈ ਜਾਂਦੀ ਹੈ।

ਅਖੀਰ ਜਦੋਂ ਕਾਕਰੋਚ ਜਨਤਾ ਪਾਰਟੀ ਦੇ ਪ੍ਰਦਰਸ਼ਨ ਕੁਝ ਠੰਢੇ ਪੈਂਦੇ ਦਿੱਸ ਪਏ, ਸਰਕਾਰ ਨੇ ਜਿੱਦਾਂ ਕਿਸਾਨਾਂ ਦੇ ਨਾਲ ਵਾਅਦਾ ਕਰ ਕੇ ਬਾਅਦ ਵਿੱਚ ਗੱਲ ਟਾਲ ਦਿੱਤੀ ਸੀ, ਇਸ ਵਾਰ ਵੀ ਉਹੋ ਦਾਅ ਵਰਤਣ ਦੇ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਹਨ, ਪਰ ਇਹ ਗੱਲ ਉਹ ਭੁੱਲ ਗਏ ਕਿ ਸਮਾਂ ਕਿਸਾਨਾਂ ਵਾਲਾ ਨਹੀਂ, ਅਗਲੀ ਪੀੜ੍ਹੀ ਨਾਲ ਨਜਿੱਠਣ ਦਾ ਹੈ। ਨੇਪਾਲ ਦੇ ਲੋਕਾਂ ਨੇ ਜ਼ੈੱਨ ਜ਼ੀ ਦੇ ਦਬਾਅ ਹੇਠ ਆਪਣੇ ਦੇਸ਼ ਦੀ ਸਰਕਾਰ ਹੀ ਨਹੀਂ ਸੀ ਬਦਲੀ, ਪੁਰਾਣੀ ਤਰ੍ਹਾਂ ਦੇ ਸਾਰੇ ਲੀਡਰਾਂ ਨੂੰ ਵਾਹਣੀਂ ਪਾ ਦਿੱਤਾ ਸੀ। ਉਸ ਦੀ ਧਮਕ ਭਾਰਤ ਨੂੰ ਮਹਿਸੂਸ ਕਰਨੀ ਚਾਹੀਦੀ ਸੀ। ਭਾਰਤ ਦੀ ਸਰਕਾਰ ਅਤੇ ਸਰਕਾਰ ਦਾ ਮੋਹਰੀ ਆਗੂ ਨਰਿੰਦਰ ਮੋਦੀ ਜਾਂ ਤਾਂ ਇਸ ਨੂੰ ਸਮਝ ਨਹੀਂ ਸਕੇ ਜਾਂ ਝਕਾਨੀ ਦੇਣ ਦੇ ਰੌਅ ਵਿੱਚ ਜਾਪਦੇ ਹਨ।

ਇਸੇ ਦੌਰਾਨ ਸੰਸਾਰ ਦੇ ਨੌਜਵਾਨਾਂ ਦੀ ਇੱਕ ਹੋਰ ਪੀੜ੍ਹੀ, ਜ਼ੈੱਨ ਅਲਫਾ ਵੱਲੋਂ ਸਿਰ ਚੁੱਕਣ ਦੇ ਸੰਕੇਤ ਮਿਲਣ ਲੱਗੇ ਹਨ, ਜਿਹੜੀ ਪੀੜ੍ਹੀ ਸਾਲ 2010 ਤੋਂ ਬਾਅਦ ਪੈਦਾ ਹੋਈ ਅਤੇ ਹਾਲੇ ਉਸ ਉਮਰੋਂ ਹੇਠਾਂ ਹੈ, ਜਿਸ ਉਮਰ ਦੇ ਬੱਚਿਆਂ ਨੂੰ ਪੰਜਾਬੀ ਵਿੱਚ 'ਬਾਲਗ' ਅਤੇ ਅੰਗਰੇਜ਼ੀ ਵਿੱਚ 'ਅਡਲਟ' ਕਿਹਾ ਜਾਂਦਾ ਹੈ। ਬੜੇ ਸਾਲ ਪਹਿਲਾਂ ਇੱਕ ਅਖਬਾਰ ਨੇ ਇੱਕ ਚੁਟਕਲਾ ਛਾਪਿਆ ਸੀ ਕਿ ਮਾਂ-ਬਾਪ ਬਾਜ਼ਾਰ ਵਿੱਚ ਖਰੀਦਦਾਰੀ ਕਰਦੇ ਪਏ ਸਨ ਤਾਂ ਦੁਕਾਨ ਤੋਂ ਬਿੱਲ ਬਣਵਾਉਣ ਵੇਲੇ ਉਨ੍ਹਾਂ ਦੇ ਛੋਟੀ ਉਮਰ ਦੇ ਬੱਚੇ ਨੇ ਇੱਕ ਕਿਤਾਬ ਲਿਆ ਕੇ ਨਾਲ ਰੱਖੀ ਤੇ ਕਿਹਾ ਕਿ ਇਸ ਦੇ ਪੈਸੇ ਵੀ ਦੇ ਦਿਉ। ਕਿਤਾਬ ਦਾ ਨਾਂਅ ਸੀ : 'ਬੱਚੇ ਦਾ ਠੀਕ ਪਾਲਣ-ਪੋਸਣ ਕਿਸ ਤਰ੍ਹਾਂ ਕਿਵੇਂ ਕੀਤਾ ਜਾਵੇ?' ਮਾਂ-ਬਾਪ ਨੇ ਹੈਰਾਨੀ ਨਾਲ ਪੁੱਛਿਆ ਕਿ ਤੂੰ ਏਨੀ ਛੋਟੀ ਉਮਰ ਵਿੱਚ ਇਹ ਕਿਤਾਬ ਕੀ ਕਰੇਂਗਾ? ਬੱਚੇ ਨੇ ਕਿਹਾ ਕਿ ਉਹ ਵੇਖਣਾ ਚਾਹੁੰਦਾ ਹੈ ਕਿ ਉਸ ਦਾ ਪਾਲਣ-ਪੋਸਣ ਠੀਕ ਤਰ੍ਹਾਂ ਹੁੰਦਾ ਪਿਆ ਹੈ ਜਾਂ ਨਹੀਂ! ਇਸ ਜਵਾਬ ਨਾਲ ਮਾਂ-ਬਾਪ ਕੀ, ਦੁਕਾਨ ਦੇ ਮਾਲਕ ਦੇ ਵੀ ਦੰਦ ਜੁੜੇ ਰਹਿ ਗਏ ਸਨ। ਅੱਜ ਜਿਹੜੀ ਪੀੜ੍ਹੀ ਜ਼ੈੱਨ-ਅਲਫਾ ਦੇ ਨਾਂਅ ਉੱਤੇ ਉੱਠ ਰਹੀ ਹੈ ਤੇ ਜਿਸ ਦੀ ਉਮਰ ਅਜੇ ਵੋਟ ਪਾਉਣ ਵਾਲੀ ਹੱਦ ਤੱਕ ਨਹੀਂ ਪਹੁੰਚੀ, ਉਹ ਉਸ ਲਛਮਣ ਰੇਖਾ ਨੂੰ ਪਾਰ ਕਰਨੋਂ ਪਹਿਲਾਂ ਇਹ ਜਾਨਣ ਦੀ ਚਾਹਵਾਨ ਹੈ ਕਿ ਜਿਸ ਦੇਸ਼ ਵਿੱਚ ਕੱਲ੍ਹ-ਕਲੋਤਰ ਨੂੰ ਉਨ੍ਹਾਂ ਜ਼ਿੰਦਗੀ ਗੁਜ਼ਾਰਨੀ ਹੈ, ਉਹ ਅੱਜਕੱਲ੍ਹ ਠੀਕ ਹੱਥਾਂ ਵਿੱਚ ਹੈ ਜਾਂ ਨਹੀਂ, ਕਿਧਰੇ ਇਸ ਨੂੰ ਸੰਭਾਲਣ ਵਾਲੇ ਆਗੂ ਕੋਈ ਏਦਾਂ ਦੀ ਗਲਤੀ ਤਾਂ ਨਹੀਂ ਕਰ ਦੇਣਗੇ ਕਿ ਉਨ੍ਹਾਂ ਦੀ ਕੀਤੀ ਗਲਤੀ ਪਿੱਛੋਂ ਅੱਜ ਦੀ ਜ਼ੈੱਨ ਅਲਫਾ ਵਾਲੀ ਪੀੜ੍ਹੀ ਦੇ ਲੋਕਾਂ ਨੂੰ ਹੱਡੀਂ ਹੰਢਾਉਣੀ ਘੱਟ ਅਤੇ ਭੁਗਤਣੀ ਵੱਧ ਪੈ ਜਾਵੇ। ਭਾਰਤ ਦੀ ਸਮਾਜੀ ਜੜ੍ਹ ਜਾਂ ਇਸ ਸਮਾਜ ਦੀਆਂ ਨੀਂਹਾਂ ਕੋਲ ਇਸ ਪੀੜ੍ਹੀ ਦੀ ਅਗੇਤੀ ਧੜਕਣ ਮਹਿਸੂਸ ਕੀਤੀ ਜਾਣ ਲੱਗ ਪਈ ਹੈ।

ਅਸੀਂ ਜਦੋਂ ਇਹ ਲਿਖ ਰਹੇ ਹਾਂ, ਸਾਡੇ ਸਾਹਮਣੇ ਨਾ ਇਕੱਲੀ ਕੇਂਦਰ ਸਰਕਾਰ ਹੈ, ਨਾ ਸਾਡੇ ਪੰਜਾਬ ਦੀ ਸਰਕਾਰ ਚਲਾਉਣ ਵਾਲਿਆਂ ਦੀ ਟੀਮ, ਸਗੋਂ ਉਹ ਹਾਲਾਤ ਹਨ, ਜਿਹੜੇ ਸੰਕੇਤ ਦੇ ਰਹੇ ਹਨ ਕਿ ਸੰਭਾਲਣ ਦਾ ਵਕਤ ਲੰਘਦਾ ਜਾ ਰਿਹਾ ਹੈ, ਪਰ ਹਾਕਮ ਕੇਂਦਰ ਦੇ ਹੋਣ ਜਾਂ ਰਾਜ ਦੇ, ਇਸ ਤੋਂ ਅਵੇਸਲੇ ਜਾਪਦੇ ਹਨ। ਮੁੱਖ ਮੰਤਰੀ ਬੇਅੰਤ ਸਿੰਘ ਦੇ ਵਕਤ ਤੋਂ ਅਸੀਂ ਸੁਣਦੇ ਆਏ ਹਾਂ ਕਿ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ ਨੂੰ ਭੱਜਣ ਦੀ ਭਵਿੱਖ ਵਿੱਚ ਜ਼ਰੂਰਤ ਨਹੀਂ ਰਹੇਗੀ, ਉਨ੍ਹਾਂ ਨੂੰ ਨੌਕਰੀਆਂ ਮੰਗਣ ਵਾਲੇ ਨਹੀਂ ਰਹਿਣ ਦੇਣਾ, ਨੌਕਰੀਆਂ ਦੇਣ ਵਾਲੇ ਕਾਰੋਬਾਰੀ ਬਣਾ ਦੇਣਾ ਹੈ, ਪਰ ਅਮਲ ਵਿੱਚ ਏਦਾਂ ਦਾ ਕਦੇ ਕੁਝ ਨਜ਼ਰ ਨਹੀਂ ਪਿਆ। ਜਵਾਨੀ ਜਿੱਦਾਂ ਭਾਰਤ ਤੋਂ ਡਿਗਰੀਆਂ ਲੈ ਕੇ ਜਾਂ ਬਗੈਰ ਕਿਸੇ ਡਿਗਰੀ ਤੋਂ ਮਾਂ-ਬਾਪ ਦੇ ਪੈਸੇ ਖਰਚ ਕਰਵਾ ਕੇ ਪਹਿਲਾਂ ਵਿਦੇਸ਼ਾਂ ਨੂੰ ਦੌੜਦੀ ਹੁੰਦੀ ਸੀ, ਉਵੇਂ ਹੀ ਅੱਜ ਦੌੜਦੀ ਦਿੱਸਦੀ ਹੈ। ਬੇਅੰਤ ਸਿੰਘ ਦੇ ਸਮੇਂ ਤੋਂ ਅਸੀਂ ਵੇਖਦੇ ਰਹੇ ਹਾਂ, ਵੱਡੇ ਘਰਾਂ ਦੇ ਕਾਕੇ-ਕਾਕੀਆਂ ਮੂੰਹ ਵਿੱਚ ਕੋਈ ਚਾਂਦੀ ਦਾ ਚਮਚਾ ਲੈ ਕੇ ਜੰਮਦੇ ਹਨ, ਦੂਜਿਆਂ ਨੂੰ ਮਿਹਨਤ ਕਰਨ ਦੇ ਉਪਦੇਸ਼ ਵੰਡਦੇ ਹਨ, ਪਰ ਆਪ ਸਿੱਧੇ ਰਾਜ-ਸੁਖ ਪ੍ਰਾਪਤੀ ਲਈ ਤਾਂਘਦੀਆਂ ਧਿਰਾਂ ਦੇ ਲੀਡਰ ਬਣ ਕੇ ਅਚਾਨਕ ਸਟੇਜਾਂ ਜਾ ਮੱਲਦੇ ਹਨ। ਆਮ ਆਦਮੀ ਦੇ ਪੁੱਤਰ-ਧੀਆਂ ਰਾਜਨੀਤੀ ਵਿੱਚ ਵੀ ਆਉਣ ਤਾਂ ਇੱਕ ਜਾਂ ਦੂਸਰੀ ਪਾਰਟੀ ਦੇ ਕਿਸੇ ਆਗੂ ਦੇ ਪਿਛਲੱਗ ਬਣੇ ਹੋਏ ਦਿਖਾਈ ਦੇਂਦੇ ਅਤੇ ਯੂਥ ਆਗੂ ਤੋਂ ਸ਼ੁਰੂ ਕਰ ਕੇ ਮਸਾਂ ਬਲਾਕ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਤੱਕ ਪਹੁੰਚ ਕੇ ਅਟਕ ਜਾਂਦੇ ਹਨ। ਜਿਹੜਾ ਵੀ ਆਗੂ ਨਵਾਂ ਸਾਹਮਣੇ ਆਉਂਦਾ ਹੈ, ਵਾਅਦੇ ਉਹ ਅਸਮਾਨ ਨੂੰ ਟਾਕੀ ਲਾਉਣ ਦੇ ਕਰਦਾ ਹੈ, ਅਮਲ ਵਿੱਚ ਉਸ ਦੀ ਟੀਮ ਦੋਵੀਂ ਹੱਥੀਂ ਲੁੱਟ ਦਾ ਮਾਲ ਸਮੇਟਦੀ ਦਿੱਸਦੀ ਹੈ ਅਤੇ ਜੇ ਕੋਈ ਇਸ ਵਰਤਾਰੇ ਵਿਰੁੱਧ ਕੁਝ ਕਿੰਤੂ ਕਰਦਾ ਹੈ, ਉਸ ਉੱਤੇ ਕੇਸ ਬਣਾ ਦਿੱਤੇ ਜਾਂਦੇ ਹਨ।

ਇਹੋ ਜਿਹੇ ਸਿਆਸੀ ਅਤੇ ਸਮਾਜੀ ਮਾਹੌਲ ਵਿੱਚ ਭਾਰਤ ਦੇ ਜਿਹੜੇ ਬੱਚੇ ਪੰਝੀ-ਤੀਹ ਸਾਲ ਟੱਪ ਜਾਣ, ਉਹ ਇਸ ਤੋਂ ਬਾਅਦ ਇਸ ਉਮਰ ਵਿੱਚ ਆਉਣ ਵਾਲਿਆਂ ਨੂੰ ਇਹ ਦੱਸਦੇ ਫਿਰਦੇ ਹਨ ਕਿ ਲਾਰਿਆਂ ਪਿੱਛੇ ਨਾ ਦੌੜੇ ਫਿਰੋ, ਇਨ੍ਹਾਂ ਤਿਲ੍ਹਾਂ ਵਿੱਚ ਤੇਲ ਬਿਲਕੁਲ ਨਹੀਂ ਹੁੰਦਾ। ਨਤੀਜੇ ਵਜੋਂ ਜਵਾਨੀ ਵਿਦੇਸ਼ਾਂ ਵੱਲ ਜਿੱਦਾਂ ਪਹਿਲਾਂ ਜਾਂਦੀ ਵੇਖਦੇ ਸਾਂ, ਅੱਜ ਵੀ ਓਸੇ ਤਰ੍ਹਾਂ ਜਾ ਰਹੀ ਹੈ। ਬੀਤੇ ਕੁਝ ਸਾਲਾਂ ਵਿੱਚ ਵਿਦੇਸ਼ ਨੂੰ ਬੱਚਿਆਂ ਦੇ ਜਾਣ ਦਾ ਰੁਝਾਨ ਘਟਣ ਬਾਰੇ ਖਬਰਾਂ ਆਈਆਂ ਸਨ ਤੇ ਅਸਲ ਗੱਲ ਇਹ ਹੈ ਕਿ ਹਕੀਕਤ ਆਪਣੀ ਮਰਜ਼ੀ ਦੇ ਲਫਜ਼ਾਂ ਵਿੱਚ ਲਪੇਟ ਕੇ ਮੀਡੀਏ ਰਾਹੀਂ ਇਹ ਖਬਰਾਂ ਛਪਵਾਈਆਂ ਗਈਆਂ ਸਨ, ਪਰ ਅਸਲ ਵਿੱਚ ਉਹ ਗੱਲ ਨਹੀਂ, ਜਿਹੜੀ ਸਮਝਾਈ ਗਈ ਸੀ। ਨੌਜਵਾਨਾਂ ਦੇ ਵਿਦੇਸ਼ ਜਾਣ ਦਾ ਰੁਝਾਨ ਘਟਣ ਦੇ ਕਾਰਨਾਂ ਵਿੱਚੋਂ ਇੱਕ ਤਾਂ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਦਾ ਪਰਵਾਸੀਆਂ ਵਿਰੁੱਧ ਸਖਤ ਰੁਖ ਧਾਰਨ ਕਰਨਾ ਬਣ ਗਿਆ ਤੇ ਦੂਸਰਾ ਇਹ ਕਿ ਬਹੁਤ ਸਾਰੇ ਦੇਸ਼ਾਂ ਵਿੱਚ ਸਾਡੇ ਭਾਰਤ ਤੋਂ ਗਏ ਠੱਗਾਂ ਨੇ ਵਿਦਿਅਕ ਅਦਾਰਿਆਂ ਦੇ ਨਾਂਅ ਉੱਤੇ ਜਿਹੜੇ ਅੱਡੇ ਕਾਇਮ ਕੀਤੇ, ਉਹ ਬੇਪਰਦ ਹੁੰਦੇ ਜਾ ਰਹੇ ਹਨ। ਦੂਸਰੇ ਪਾਸੇ ਭਾਰਤ ਸਰਕਾਰ ਆਪਣੇ ਦੇਸ਼ ਦੇ ਨੌਜਵਾਨਾਂ ਦੀ ਮਦਦ ਕਰਨ ਜੋਗੀ ਸਾਬਤ ਨਹੀਂ ਹੋ ਸਕੀ। ਏਦਾਂ ਦੇ ਹਾਲਾਤ ਵਿੱਚ ਨੌਜਵਾਨ ਵੀ ਤੇ ਉਨ੍ਹਾਂ ਦੇ ਮਾਪੇ ਵੀ ਕੁਝ ਸੰਭਲ ਕੇ ਕਦਮ ਚੁੱਕਣ ਜਾਂ ਬਣਦੀ-ਸਰਦੀ ਪੂੰਜੀ ਨਾਲ ਜ਼ਿੰਦਗੀ ਗੁਜ਼ਾਰਨ ਦਾ ਕੋਈ ਜੁਗਾੜ ਏਥੇ ਬਣਾਉਣ ਬਾਰੇ ਸੋਚਣ ਲੱਗੇ ਹਨ, ਵਿਦੇਸ਼ ਵੱਲ ਜਾਣ ਦਾ ਰੁਝਾਨ ਘਟਣ ਵਿੱਚ ਸਰਕਾਰਾਂ ਦਾ ਕੋਈ ਖਾਸ ਯੋਗਦਾਨ ਨਹੀਂ।

ਵਕਤ ਸਾਨੂੰ ਸਭ ਨੂੰ ਉਸ ਨਾਜ਼ਕ ਮੋੜ ਉੱਤੇ ਲੈ ਆਇਆ ਹੈ, ਜਿੱਥੇ ਕੋਈ ਸਰਕਾਰ ਫੋਕੇ ਦਾਅਵਿਆਂ ਨਾਲ ਦੇਸ਼ ਦੇ ਲੋਕਾਂ ਦੀ ਦਿਲ-ਰੱਖਣੀ ਨਹੀਂ ਕਰ ਸਕੇਗੀ ਅਤੇ ਛਪੰਜਾ ਇੰਚ ਦੇ ਸੀਨੇ ਦਾ ਦਾਅਵਾ ਕਰ ਕੇ ਕੋਈ ਰਹਿਬਰ ਇਸ ਦੇਸ਼ ਦੇ ਲੋਕਾਂ ਨੂੰ ਬਹੁਤੀ ਦੇਰ ਬੁੱਧੂ ਨਹੀਂ ਬਣਾ ਸਕੇਗਾ। ਇਹ ਹਕੀਕਤ ਇਸ ਦੇਸ਼ ਦੇ ਹਰ ਕਿਸਮ ਦੀ ਰਾਜਨੀਤੀ ਕਰਨ ਵਾਲੇ ਆਗੂਆਂ ਨੂੰ ਓਦੋਂ ਸਮਝ ਪੈ ਜਾਣੀ ਚਾਹੀਦੀ ਸੀ, ਜਦੋਂ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੌਰਾਨ ਅੰਨਾ ਹਜ਼ਾਰੇ ਦੀ ਅਗਵਾਈ ਵਿੱਚ ਦੇਸ਼ ਦੀ ਨੌਜਵਾਨੀ ਨੇ ਆਪਣੇ ਅੰਦਰ ਦਾ ਉਬਾਲ ਕੱਢਿਆ ਸੀ। ਰਾਜਸੀ ਆਗੂ ਤਿਕੜਮਬਾਜ਼ੀ ਕਰਨ ਦੀ ਆਪਣੀ ਨੀਤੀ ਕਾਰਨ ਇਹੋ ਸੋਚਦੇ ਰਹੇ ਕਿ ਜਿਹੜੇ ਵੀ ਹਾਲਾਤ ਹੋ ਜਾਣ, ਉਹ ਕੋਈ ਨਾ ਕੋਈ ਲੁਕਮਾਨੀ ਨੁਸਖਾ ਵਰਤ ਕੇ ਹਾਲਾਤ ਦੇ ਇਸ ਵਹਿਣ ਨੂੰ ਆਪਣੇ ਪੱਖ ਵਿੱਚ ਵਰਤ ਲੈਣਗੇ, ਪਰ ਉਹ ਸੂਝ ਵਾਲੇ ਨਹੀਂ ਨਿਕਲੇ। ਜਿਹੜੇ ਨੌਜਵਾਨ ਅੰਨਾ ਦੇ ਨਾਅਰੇ ਪਿੱਛੇ ਉੱਠ ਨਿਕਲੇ ਸਨ, ਉਨ੍ਹਾਂ ਦੀ ਅਗਲੀ ਪੀੜ੍ਹੀ ਹੱਦਾਂ ਤੋੜਨ ਤੱਕ ਜਾ ਸਕਦੀ ਹੈ। ਜੰਤਰ ਮੰਤਰ ਵਿਖੇ ਜੁਲਾਈ ਵਿੱਚ ਚੱਲਿਆ ਕਾਕਰੋਚ ਜਨਤਾ ਪਾਰਟੀ ਦਾ ਸੰਘਰਸ਼ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਇੱਕ ਵਾਰ ਫਿਰ ਲੋਕਾਂ ਦੀ ਸ਼ਕਤੀ ਅੱਗੇ ਝੁਕਾਉਣ ਵਾਲਾ ਸਾਬਤ ਹੋਇਆ ਤੇ ਇਸ ਨੇ ਰਾਜਨੀਤਕ ਹਾਲਾਤ ਮੂਹਰੇ ਇੱਕ ਵੱਖਰੇ ਕਿਸਮ ਦੀ ਚੁਣੌਤੀ ਲਿਆ ਰੱਖੀ ਹੈ, ਜਿਸ ਤੋਂ ਅੱਖਾਂ ਨਹੀਂ ਚੁਰਾਈਆਂ ਜਾ ਸਕਣਗੀਆਂ। ਉਸ ਚੁਣੌਤ

ਆਦਿ ਧਰਮ ਮੰਡਲ ਦੀ ਜੱਦੋਜਹਿਦ ਦਾ ਸਮਾਜਿਕ ਤੇ ਰਾਜਨੀਤਕ ਲੇਖਾ-ਜੋਖਾ

ਚਰਚਾ ਇਕ ਪੁਸਤਕ ਦੀ

ਡਾ. ਗੁਰਮੇਲ ਸਿੰਘ

ਆਦਿ-ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ

(ਇਤਿਹਾਸ)
ਬਲਬੀਰ ਮਾਧੋਪੁਰੀ
ਸਫ਼ੇ : 277, ਮੁੱਲ : 350 ਰੁਪਏ
ਆਟਮ ਆਰਟ, ਪਟਿਆਲਾ

ਇਹ ਵਰ੍ਹਾ ਆਦਿ ਧਰਮ ਮੰਡਲ ਦੀ ਸਥਾਪਨਾ ਤੇ ਸੰਘਰਸ਼ ਦਾ ਸ਼ਤਾਬਦੀ ਵਰ੍ਹਾ ਹੈ। ਇਸ ਮੌਕੇ ਪੰਜਾਬੀ ਸਾਹਿਤਕ ਹਲਕਿਆਂ ਵਿੱਚੋਂ ਕੁਝ ਸੁਹਿਰਦ ਲੇਖਕਾਂ ਨੇ ਇਸ ਲਹਿਰ ਦੀ ਕਾਰਗੁਜ਼ਾਰੀ ਨੂੰ ਮੁੜ ਤੋਂ ਸਾਹਮਣੇ ਲਿਆਉਣ ਲਈ ਆਪਣੇ ਕਠਿਨ ਖੋਜ ਕਾਰਜਾਂ ਨੂੰ ਨੇਪਰੇ ਚਾੜ੍ਹਿਆ ਹੈ, ਜਿਨ੍ਹਾਂ ਵਿਚ ਬਲਬੀਰ ਮਾਧੋਪੁਰੀ, ਡਾ. ਗੁਰਮੀਤ ਸਿੰਘ ਕੱਲਰਮਾਜਰੀ ਅਤੇ ਡਾ. ਜਸਵੰਤ ਸਿੰਘ ਰਾਏ ਪ੍ਰਮੁੱਖ ਹਨ। ਭਾਵੇਂ ਆਦਿ ਧਰਮ ਦੀਆਂ ਗਤੀਵਿਧੀਆਂ ਤੇ ਕਾਰਗੁਜ਼ਾਰੀ ਦਾ ਵੱਡਾ ਹਿੱਸਾ ਪ੍ਰਕਾਸ਼ਨਾਂ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ, ਪਰ ਉਸ ਸਭ ਕੁਝ ਦਾ ਲੇਖਾ-ਜੋਖਾ ਕਰਨਾ ਅਤੇ ਉਸ ਦੀ ਘਾਲਣਾ ਅਤੇ ਪ੍ਰਸੰਗਿਕਤਾ ਨੂੰ ਤਲਾਸ਼ਣਾ ਸਮਕਾਲ ਦੇ ਸਵਾਲ ਹੁੰਦੇ ਹਨ, ਜਿਨ੍ਹਾਂ ਨੂੰ ਮੁਖਾਤਿਬ ਹੋਣਾ ਜ਼ਰੂਰੀ ਬਣ ਜਾਂਦਾ ਹੈ। ਇਸ ਲੇਖ ਦਾ ਆਧਾਰ ਬਲਬੀਰ ਮਾਧੋਪੁਰੀ ਦੁਆਰਾ ਰਚਿਤ ਪੁਸਤਕ 'ਆਦਿ-ਧਰਮ ਦੇ ਬਾਨੀ ਗਦਰੀ ਬਾਬਾ ਮੰਗੂ ਰਾਮ' ਹੈ। ਇਸ ਪੁਸਤਕ ਦੀ ਮਹੱਤਤਾ ਇਸ ਕਰਕੇ ਵਧੇਰੇ ਹੈ ਕਿ ਉਹ ਆਦਿ ਧਰਮ ਦੀ ਲਹਿਰ ਦੇ ਇਤਿਹਾਸ ਨੂੰ ਕਿਤਾਬੀ ਰੂਪ ਦੇਣ ਨਾਲੋਂ ਵੱਧ ਉਨ੍ਹਾਂ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਸਥਿਤੀਆਂ ਨੂੰ ਸਾਹਮਣੇ ਰੱਖ ਕੇ ਤਬਸਰਾ ਕਰਦਾ ਹੈ ਤਾਂ ਜੋ ਅੱਜ ਦਾ ਪਾਠਕ ਇਸ ਲਹਿਰ ਦੀ ਪ੍ਰਸੰਗਿਕਤਾ ਅਤੇ ਜੱਦੋਜਹਿਦ ਨੂੰ ਪਛਾਣ ਸਕੇ। ਦੂਜਾ ਪੱਖ ਇਹ ਵੀ ਹੈ ਕਿ ਇਹ ਲਹਿਰ ਉਸ ਧਿਰ ਦੀ ਜੱਦੋਜਹਿਦ ਸੀ, ਜਿਸ ਨੂੰ ਬ੍ਰਾਹਮਣਵਾਦੀ ਵਰਣ ਵਿਵਸਥਾ ਨੇ ਸਦੀਆਂ ਤੋਂ ਨਪੀੜਿਆ ਹੋਇਆ ਸੀ। ਪੰਜਾਬ ਦੀ ਧਰਤੀ 'ਤੇ ਇਹ ਪਹਿਲਾ ਸੰਗਠਨਾਤਮਕ ਸੰਘਰਸ਼ ਸੀ, ਜਿਸ ਨੇ ਅਛੂਤ ਸਮਝੇ ਜਾਣ ਵਾਲੇ ਸਮਾਜ ਨੂੰ ਇਕ ਨਵੀਂ ਚੇਤਨਾ ਪ੍ਰਦਾਨ ਕੀਤੀ। ਇਸ ਸੰਘਰਸ਼ ਦੇ ਆਗੂਆਂ ਨੂੰ ਅੰਤ ਵਿਰੋਧੀ ਹਾਲਤਾਂ ਵਿਚ ਜਿਸ ਕਿਸਮ ਦੇ ਜੋਖਮ ਉਠਾਉਣੇ ਪਏ ਅਤੇ ਉਨ੍ਹਾਂ ਦੀ ਘਾਲਣਾ ਦੇ ਕੀ ਨਤੀਜੇ ਹਾਸਲ ਹੋਏ ਜਾਂ ਕੀ ਉਹ ਨਤੀਜੇ ਕਿਸੇ ਸਮਾਜ ਦੀ ਹਾਲਤ ਨੂੰ ਸੁਧਾਰਨ ਵਾਸਤੇ ਕਾਰਗਰ ਵੀ ਹੋਏ ਜਾਂ ਇਸ ਜੱਦੋਜਹਿਦ ਨੇ ਉਸ ਵੇਲੇ ਬ੍ਰਿਟਿਸ਼ ਸਾਮਰਾਜ ਦੇ ਖਿਲਾਫ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਨਕਾਰਾਤਮਿਕ ਭੂਮਿਕਾ ਨਿਭਾਈ? ਇਹ ਵੱਡੇ ਸਵਾਲ ਹਨ, ਜਿਨ੍ਹਾਂ ਨੂੰ ਕਿਵੇਂ ਨਾ ਕਿਵੇਂ ਇਸ ਪੁਸਤਕ ਵਿਚ ਉਠਾਉਣ ਦਾ ਯਤਨ ਕੀਤਾ ਗਿਆ ਹੈ।

ਬਾਬੂ ਮੰਗੂ ਰਾਮ ਮੁੱਗੋਵਾਲ ਉਹ ਮਹਾਨ ਦਲਿਤ ਆਗੂ ਸੀ, ਜਿਸ ਨੇ ਸਭ ਤੋਂ ਪਹਿਲਾਂ ਮੁਲਕ ਦੀ ਅਜ਼ਾਦੀ ਲਈ ਵਿਦੇਸ਼ੀ ਧਰਤੀ ਤੋਂ ਉੱਠੀ ਗਦਰ ਲਹਿਰ ਵਿਚ ਸਰਗਰਮ ਭੂਮਿਕਾ ਨਿਭਾਈ। ਅਛੂਤ ਸਮਝੇ ਜਾਂਦੇ ਤਬਕੇ ਵਿੱਚੋਂ ਆਇਆ ਇਹ ਸ਼ਖਸ ਇਸ ਲਹਿਰ ਤੋਂ ਇਸ ਕਰਕੇ ਪ੍ਰਭਾਵਿਤ ਹੁੰਦਾ ਹੈ ਕਿ ਇੱਥੇ ਕਿਸੇ ਸਮਾਜਿਕ ਵਿਤਕਰੇ ਤੇ ਨਾਬਰਾਬਰੀ ਤੋਂ ਉੱਪਰ ਉੱਠ ਕੇ ਗੁਲਾਮੀ ਤੋਂ ਅਜ਼ਾਦੀ ਹਾਸਲ ਕਰਨ ਦਾ ਇਕੋ-ਇਕ ਟੀਚਾ ਸੀ। ਇਸ ਟੀਚੇ ਨੂੰ ਪ੍ਰਾਪਤ ਕਰਨ ਪਿੱਛੇ ਸਦੀਆਂ ਤੋਂ ਨਪੀੜੀ ਉਸ ਦੀ ਆਪਣੀ ਕੌਮ ਦੀ ਬਿਹਤਰੀ ਦਾ ਸੁਪਨਾ ਵੀ ਪਿਆ ਸੀ। ਇਸੇ ਕਰਕੇ ਉਹ ਅਖੌਤੀ ਸਵਰਨ ਮਾਨਸਿਕਤਾ ਦੇ ਨਿੱਕੇ-ਮੋਟੇ ਵਾਰਾਂ ਤੋਂ ਸੰਭਲਦਾ ਆਪਣਾ ਤਨ, ਮਨ, ਧਨ ਇਸ ਲਹਿਰ ਦੇ ਉੱਤੋਂ ਨਿਛਾਵਰ ਕਰਨ ਲਈ ਕੁੱਦ ਪੈਂਦਾ ਹੈ। ਲਾਸ ਏਂਜਲਜ਼ ਤੋਂ ਹਥਿਆਰਾਂ ਦਾ ਜ਼ਖੀਰਾ ਲਿਆਉਣ ਵਾਲੇ ਮਿਸ਼ਨ ਵਿਚ ਉਹ ਫੜਿਆ ਜਾਂਦਾ ਹੈ ਤੇ ਕਈ ਥਾਵਾਂ 'ਤੇ ਕੈਦ ਕੱਟਦਾ ਮੌਤ ਦੇ ਮੂੰਹ ਵਿੱਚੋਂ ਬਚਦਾ-ਬਚਾਉਂਦਾ ਫਿਲੀਪੀਨਜ਼ ਦੇ ਜੰਗਲਾਂ ਵਿਚ ਛੁਪ ਕੇ ਆਦਿ ਵਾਸੀਆਂ ਨਾਲ ਢਾਈ ਸਾਲ ਰਹਿੰਦਾ ਹੋਇਆ ਆਖਰ ਗਿਆਰਾਂ ਸਾਲ ਬਾਅਦ ਹਿੰਦੁਸਤਾਨ ਪਹੁੰਚਦਾ ਹੈ। ਇਹ ਜੀਵਨ ਅਨੁਭਵ ਉਸ ਦੇ ਗਦਰ ਪਾਰਟੀ ਨਾਲ ਗਹਿਰੇ ਰਿਸ਼ਤੇ ਦੀ ਬਾਤ ਪਾਉਂਦਾ ਹੈ। ਇਸ ਪੁਸਤਕ ਰਾਹੀਂ ਉਸ ਦੇ ਜੀਵਨ ਬਿਰਤਾਂਤ ਦਾ ਇਹ ਵਾਕਿਆ 'ਰਵਿਦਾਸ ਪੱਤ੍ਰਿਕਾ' ਜਿਸ ਨੂੰ ਉਸ ਦੇ ਨਾਮਰਾਸੀਏ ਮੰਗੂ ਰਾਮ ਜਸਪਾਲ ਨੇ ਜਲੰਧਰ ਤੋਂ ਛਾਪ ਕੇ ਸਾਹਮਣੇ ਲਿਆਂਦਾ, ਜੋ ਬਾਅਦ ਵਿਚ 'ਮੇਰੀ ਵਿਦੇਸ਼ ਯਾਤਰਾ ਅਤੇ ਮੇਰਾ ਜੀਵਨ ਬਿਰਤਾਂਤ' ਪੁਸਤਕ ਰੂਪ ਵਿਚ ਸਾਡੇ ਤੱਕ ਪਹੁੰਚਦਾ ਹੈ। ਬਲਬੀਰ ਮਾਧੋਪੁਰੀ ਦੀ ਲੇਖਣੀ ਦੀ ਖੂਬਸੂਰਤੀ ਇਹ ਹੈ ਕਿ ਉਹ ਮੰਗੂ ਰਾਮ ਮੁੱਗੋਵਾਲੀਏ ਦੇ ਜੀਵਨ ਅਨੁਭਵ ਨੂੰ ਇਕੱਲਾ ਗਲਪਕਾਰੀ ਦੇ ਧਰਾਤਲ 'ਤੇ ਨਹੀਂ ਉਸਾਰਦਾ, ਬਲਕਿ ਉਸ ਵੇਲੇ ਹਕੂਮਤ ਦੀਆਂ ਸੀ ਆਈ ਡੀ ਰਿਪੋਰਟਾਂ ਦੇ ਰਾਹੀਂ ਗਦਰ ਡਾਇਰੈਕਟਰੀ ਅਤੇ ਗਦਰ ਲਹਿਰ ਦੇ ਖੋਜੀ ਵਿਦਵਾਨਾਂ ਦੇ ਪੁਖਤਾ ਪ੍ਰਮਾਣਾਂ ਦੇ ਨਾਲ ਸਾਹਮਣੇ ਲਿਆਉਂਦਾ ਹੈ। ਹਾਲਾਂਕਿ ਕਿਸੇ ਖੋਜ ਪੁਸਤਕ ਵਿਚ ਪ੍ਰਮਾਣਿਕ ਹਵਾਲਿਆਂ ਨੂੰ ਦੇਣਾ ਜ਼ਰੂਰੀ ਹੁੰਦਾ ਹੈ, ਪਰ ਲੇਖਕ ਇਕ ਦਲਿਤ ਨਾਇਕ ਦੇ ਕਾਰਨਾਮਿਆਂ ਰਾਹੀਂ ਉਸ ਦੀ ਤਸਵੀਰਕਸ਼ੀ ਕਰਨਾ ਚਾਹੁੰਦਾ ਹੈ ਤਾਂ ਜੋ ਭਾਰੂ ਲੋਕ ਮਾਨਸਿਕਤਾ ਵਿਚ ਅਛੂਤ ਵਿਅਕਤੀ/ਆਗੂ ਪ੍ਰਤੀ ਘਰ ਕਰੀ ਬੈਠੇ ਨਕਾਰਾਤਮਿਕ ਬਿਰਤਾਂਤ ਨੂੰ ਆਈਨਾ ਦਿਖਾਇਆ ਜਾ ਸਕੇ।

ਕਿਸੇ ਵੀ ਮਹਾਨ ਪੁਰਸ਼ ਦੇ ਜੀਵਨੀ ਮੂਲਕ ਬਿਰਤਾਂਤ ਦੀ ਇਕ ਖਾਸ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਹ ਇਕੋ ਵੇਲੇ ਉਸ ਸ਼ਖਸ ਦੇ ਜੀਵਨ ਬਿਰਤਾਂਤ 'ਤੇ ਫੋਕਸ ਰਹਿੰਦਾ ਹੋਇਆ ਉਸ ਯੁੱਗ ਦੀਆਂ ਸਮਾਜਿਕ ਤੇ ਰਾਜਨੀਤਕ ਸਥਿਤੀਆਂ ਨੂੰ ਨਾਲੋ-ਨਾਲ ਛੂੰਹਦਾ ਜਾਂਦਾ ਹੈ। ਕਿਉਂ ਜੋ ਮੰਗੂ ਰਾਮ ਇਕ ਦਲਿਤ ਆਗੂ ਹੈ, ਇਸ ਲਈ ਦਲਿਤ ਰਾਜਨੀਤੀ ਹਿੰਦੁਸਤਾਨ ਦੀ ਰਾਜਨੀਤੀ ਨੂੰ ਗਹਿਰੇ ਰੁਖ ਪ੍ਰਭਾਵਿਤ ਕਰਦੀ ਰਹੀ ਹੈ, ਇਸ ਕਰਕੇ ਦਲਿਤ ਪਰਿਪੇਖ ਵਿਚ ਹਿੰਦੁਸਤਾਨ ਦੀ ਰਾਜਨੀਤੀ ਨੂੰ ਛੂੰਹਣਾ ਲਾਜ਼ਮੀ ਬਣ ਜਾਂਦਾ ਹੈ। 1886 ਵਿਚ ਜਨਮੇ ਤੇ 1913 ਤੋਂ ਲੈ ਕੇ 1926 ਤੱਕ ਗਦਰ ਲਹਿਰ ਵਿਚ ਆਪਣੀ ਸ਼ਮੂਲੀਅਤ ਤੋਂ ਬਾਅਦ 1926 ਤੋਂ ਲੈ ਕੇ 1946 ਤੱਕ ਆਦਿ ਧਰਮ ਲਹਿਰ ਉਸਾਰਨ ਤੇ ਰਾਜਨੀਤੀ ਦਾ ਹਿੱਸਾ ਬਣਨ ਤੋਂ ਬਾਅਦ 1970 ਤੱਕ ਦਲਿਤ ਆਗੂ ਦੇ ਰੂਪ ਵਿਚ ਵਿਚਰਦੇ ਰਹੇ। 1970 ਤੋਂ ਲੈ ਕੇ 1980 ਵਿਚ ਮੌਤ ਹੋਣ ਤੱਕ ਉਹ ਮੰਗੂ ਰਾਮ ਜਸਪਾਲ ਦੇ ਸਹਿਯੋਗ ਨਾਲ ਰਵਿਦਾਸ ਪੱਤ੍ਰਿਕਾ ਦੇ ਰਾਹੀਂ ਦੇਸ਼-ਵਿਦੇਸ਼ ਵਿਚ ਦਲਿਤ ਚੇਤਨਾ ਫੈਲਾਉਣ ਵਿਚ ਕਾਰਜਰਤ ਰਹਿੰਦੇ ਹਨ। ਆਦਿ ਧਰਮ ਲਹਿਰ ਉਸਾਰਨ ਦਾ ਸਮਾਂ 1926 ਦਾ ਹੈ, ਜਦੋਂ ਹਿੰਦੁਸਤਾਨ ਅੰਗਰੇਜ਼ਾਂ ਦਾ ਗੁਲਾਮ ਸੀ, ਪਰੰਤੂ ਇਸ ਦੌਰ ਵਿਚ ਕੌਮੀ ਮੁਕਤੀ ਲਹਿਰ ਦੇ ਨਾਲ-ਨਾਲ ਵੱਖੋ-ਵੱਖਰੇ ਫਿਰਕੇ ਦੀ ਰਾਜਨੀਤੀ ਆਪਣੀ ਚਰਮ ਸੀਮਾ 'ਤੇ ਸੀ। ਹਰ ਫਿਰਕਾ ਆਪੋ ਆਪਣੇ ਵੋਟ ਬੈਂਕ ਨੂੰ ਪੱਕਾ ਕਰਕੇ ਆਪਣੀ ਕੌਮ ਦੇ ਹਿੱਤਾਂ ਵੱਲ ਵੇਖ ਰਿਹਾ ਸੀ। ਦੂਜੇ ਪਾਸੇ ਅਛੂਤ ਵਰਗ ਦੀ ਹਾਲਤ ਤ੍ਰਿਸਕਾਰ ਭਰੀ ਸੀ। ਇਹ ਤਬਕੇ ਉਸ ਦੀ ਵੱਸੋਂ ਨੂੰ ਆਪਣੇ ਪੱਖ ਵਿਚ ਭੁਗਤਾਉਣ ਲਈ ਕਈ ਤਰ੍ਹਾਂ ਦੇ ਪ੍ਰਯਤਨ ਕਰ ਰਹੇ ਸਨ। ਇਸ ਸਾਰੀ ਹਕੀਕਤ ਨੂੰ ਸਾਹਮਣੇ ਲਿਆਉਣ ਲਈ ਬਲਬੀਰ ਮਾਧੋਪੁਰੀ 1920ਵਿਆਂ ਵਿਚ ਅਛੂਤਾਂ ਦੀ ਸਥਿਤੀ ਨੂੰ ਪ੍ਰਸਤਾਵਨਾ ਦੇ ਰੂਪ ਵਿਚ ਵਿਚਾਰਦਾ ਹੋਇਆ ਇਤਿਹਾਸ ਦੇ ਕਈ ਅਹਿਮ ਸਵਾਲਾਂ ਨੂੰ ਮੁਖਾਤਿਬ ਹੁੰਦਾ ਹੈ, ਜਿਨ੍ਹਾਂ ਬਾਰੇ ਖਾਸ ਤੌਰ 'ਤੇ ਮੁੱਖ ਧਾਰਾ ਦੀ ਰਾਜਨੀਤੀ ਮੌਨ ਸੀ। ਉਹ ਲਿਖਦਾ ਹੈ 'ਅੰਗਰੇਜ਼ਾਂ ਨੇ ਵਰਣ ਵਿਵਸਥਾ ਦੇ ਸੰਚਾਲਕਾਂ ਦੀ ਸ਼ਹਿ ਉਤੇ ਕਈ ਕਾਨੂੰਨ ਬਣਾਏ ਜਿਵੇਂ ਪੰਜਾਬ ਲੈਂਡ ਰੈਵੇਨਿਊ ਐਕਟ 1887 ਦੀ ਪੈਰਵੀ ਵਿਚ ਇੰਤਕਾਲ ਅਰਾਜੀ ਐਕਟ 1900 ਅਤੇ ਗੌਰਮਿੰਟ ਆਫ ਇੰਡੀਆ ਐਕਟ 1919 ਬਣਾਏ, ਜੋ ਜ਼ਿੰਮੀਦਾਰਾਂ ਨੂੰ ਜ਼ਮੀਨ ਖਰੀਦਣ-ਵੇਚਣ ਦਾ ਅਧਿਕਾਰ ਦਿੰਦੇ ਸਨ, ਪਰ ਅਛੂਤਾਂ ਉੱਤੇ ਪਾਬੰਦੀ ਲਾਉਂਦੇ ਸੀ ਕਿ ਉਹ ਮਕਾਨ ਪਾਉਣ ਲਈ ਜ਼ਮੀਨ ਨਹੀਂ ਖਰੀਦ ਸਕਦੇ'। ਇਸ ਕਰਕੇ ਅਛੂਤਾਂ ਦੇ ਘਰ ਦੀ ਕੋਈ ਮਾਲਕੀ ਨਹੀਂ ਸੀ ਹੁੰਦੀ, ਕਿਉਂ ਜੋ ਉਹ ਰਜਤਨਾਮੀਏ ਸਨ, ਭਾਵ ਉਹ ਜ਼ਿੰਮੀਦਾਰ ਦੇ ਸਹਿਮਤੀ ਜਾਂ ਰਜ਼ਾ ਦੇ ਕਰਕੇ ਹੀ ਘਰ ਪਾ ਸਕਦਾ ਹੈ, ਪਰ ਉਸ ਦਾ ਮਾਲਕ ਨਹੀਂ ਬਣ ਸਕਦਾ। ਦੂਜੇ ਪਾਸੇ ਜ਼ਿੰਮੀਦਾਰਾਂ ਤੇ ਸਰਕਾਰੀ ਬੰਦਿਆਂ ਦੀਆਂ ਬੁੱਤੀਆਂ-ਬੇਗਾਰਾਂ ਦੇ ਲਈ ਉਸ ਨੂੰ ਹਰ ਵੇਲੇ ਤਿਆਰ ਰਹਿਣਾ ਪੈਂਦਾ ਸੀ। ਛੂਆ-ਛਾਤ ਤੇ ਭਿੱਟੇ ਜਾਣ ਦਾ ਖੌਫ ਉਨ੍ਹਾਂ ਦੇ ਸਿਰ 'ਤੇ ਮੰਡਰਾਉਂਦਾ ਰਹਿੰਦਾ ਸੀ। ਮੰਦਰਾਂ ਵਿਚ ਜਾਣ ਦੀ ਪਾਬੰਦੀ ਤੇ ਗੁਰਦੁਆਰੇ ਜਾਣ 'ਤੇ ਵੀ ਕੈਰੀਆਂ ਨਜ਼ਰਾਂ ਦਾ ਡਰ ਪਿੱਛਾ ਕਰਦਾ ਰਹਿੰਦਾ ਸੀ। ਸਿੱਖਿਆ ਹਾਸਲ ਕਰਨ ਦਾ ਮੌਕਾ ਵੀ ਜ਼ਲਾਲਤ ਵਿੱਚੋਂ ਹੋ ਕੇ ਮਿਲਦਾ ਸੀ। ਅਛੂਤ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਦੀ ਕੋਈ ਸੁਣਵਾਈ ਨਹੀਂ ਸੀ। ਅਜਿਹੀ ਸੂਰਤ ਵਿਚ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਵਿੱਚੋਂ ਅਛੂਤ ਉਭਾਰ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ।

ਹਿੰਦੁਸਤਾਨ ਪਹੁੰਚ ਕੇ ਬਾਬੂ ਮੰਗੂ ਰਾਮ ਨੂੰ ਇਹ ਤਿੱਖਾ ਅਹਿਸਾਸ ਹੋਇਆ ਕਿ ਉਸ ਲਈ ਦੇਸ਼ ਦੀ ਅਜ਼ਾਦੀ ਨਾਲੋਂ ਵੀ ਜ਼ਰੂਰੀ ਕਾਰਜ ਜ਼ਲਾਲਤ ਤੇ ਗੁਰਬਤ ਤੋਂ ਪੀੜਤ ਉਸ ਦੀ ਆਪਣੀ ਜਮਾਤ ਦੀ ਅਜ਼ਾਦੀ ਹੈ। ਇਸੇ ਕਰਕੇ ਉਸ ਨੇ ਇਸ ਸੰਘਰਸ਼ ਵਿਚ ਕੁੱਦਣ ਲਈ ਗਦਰ ਪਾਰਟੀ ਨੂੰ ਚਿੱਠੀ ਲਿਖ ਕੇ ਇਜਾਜ਼ਤ ਲੈਣੀ ਜ਼ਰੂਰੀ ਸਮਝੀ। ਉਸ ਦਾ ਮੁੱਢਲਾ ਕੰਮ ਆਪਣੇ ਪਿੰਡ ਬੱਚਿਆਂ ਦਾ ਸਕੂਲ ਖੋਲ੍ਹਣ ਨਾਲ ਸ਼ੁਰੂ ਹੁੰਦਾ ਹੈ। ਨਾਲ ਦੀ ਨਾਲ ਭਾਈਚਾਰੇ ਨੂੰ ਸੰਗਠਤ ਤੇ ਸੁਚੇਤ ਕਰਨ ਦਾ ਸਿਲਸਿਲਾ ਗੁਪਤ ਮੀਟਿੰਗਾਂ ਰਾਹੀਂ ਚੱਲਦਾ ਰਿਹਾ। ਆਦਿ ਧਰਮ ਲਹਿਰ ਦੇ ਪਿੱਛੇ ਜੋ ਵਿਚਾਰਧਾਰਾ ਸੀ, ਉਹ ਉਸ ਇਤਿਹਾਸਕ ਸੱਚ 'ਤੇ ਖੜ੍ਹੀ ਸੀ, ਜਿਸ ਨੇ ਆਦਿ ਵਾਸੀਆਂ ਨੂੰ ਸ਼ੂਦਰ ਬਣਾ ਕੇ ਆਪਣੀ ਚਾਕਰੀ ਕਰਨ ਲਈ ਰੱਬੀ ਹੁਕਮ ਵੀ ਹਾਸਲ ਕਰ ਲਿਆ ਸੀ, ਇਸ ਲਈ ਸਭ ਤੋਂ ਪਹਿਲਾਂ ਉਸ ਕੌਮੀਅਤ ਤੋਂ ਮੁਨਕਰ ਹੋਣਾ ਸੀ, ਜਿਸ ਨੇ ਸ਼ੂਦਰਾਂ ਨੂੰ ਆਪਣੇ ਧਰਮ ਦਾ ਹਿੱਸਾ ਤਾਂ ਬਣਾਇਆ ਹੋਇਆ ਸੀ, ਪਰ ਇਸ ਦਾ ਸਮਾਜਿਕ ਦਰਜਾ ਸਭ ਤੋਂ ਨੀਵਾਂ ਕਰਕੇ ਜੀਣ-ਥੀਣ ਦੇ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਸੀ। ਆਰੀਆ ਦੇ ਆਗਮਨ ਤੋਂ ਪਹਿਲਾਂ ਜੋ ਇੱਥੇ ਸੱਭਿਅਤਾ ਵਧੀ-ਫੁੱਲੀ, ਉਸ ਵਿਚ ਵਰਣ ਵਿਵਸਥਾ ਦੀ ਕੋਈ ਹੋਂਦ ਨਹੀਂ ਸੀ। ਹਿੰਦੁਸਤਾਨ ਦੇ ਅਛੂਤ ਲੋਕ ਇਸੇ ਸੱਭਿਅਤਾ ਦੇ ਉਸਰੱਈਏ ਸਨ। ਵੈਦਿਕ ਤੇ ਉੱਤਰ ਵੈਦਿਕ ਕਾਲ ਵਿਚ ਆਰੀਆ ਦੀ ਚੜ੍ਹਤ ਦੇ ਨਾਲ ਇਸ ਆਦਿ ਵਾਸੀ ਕਿਰਤੀ ਜਮਾਤ ਨੂੰ ਦਬੇਲ ਬਣਾ ਦਿੱਤਾ ਗਿਆ। ਇਸ ਕਰਕੇ ਆਦਿ ਧਰਮ ਦਾ ਸਭ ਤੋਂ ਵੱਡਾ ਵਿਰੋਧ ਬ੍ਰਾਹਮਣਵਾਦੀ ਸੋਚ ਨਾਲ ਸੀ। ਦੂਜੇ ਪਾਸੇ ਭਗਤਾਂ ਦੀ ਬਾਣੀ ਨੇ ਅਤੇ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਵਿਚ ਅਛੂਤ ਜਮਾਤ ਦੇ ਹੱਕਾਂ ਦੀ ਗੱਲ ਕਰਨ ਵਾਲੇ ਸਮਾਜ ਸੁਧਾਰਕਾਂ ਨੇ ਆਦਿ ਧਰਮ ਲਹਿਰ ਨੂੰ ਹੁਲਾਰਾ ਦਿੱਤਾ। ਇਨ੍ਹਾਂ ਦਾ ਸਭ ਤੋਂ ਵੱਡਾ ਵਿਸ਼ਵਾਸ ਆਪਣੀ ਪਛਾਣ ਨੂੰ ਲੈ ਕੇ ਸੀ, ਜੋ ਪਛਾਣ ਪ੍ਰਚੱਲਿਤ ਧਰਮਾਂ ਤੋਂ ਵਿੱਥ ਥਾਪ ਕੇ ਆਪਣੇ-ਆਪ ਨੂੰ ਆਦਿ ਧਰਮੀ ਮਨਵਾਉਣਾ ਸੀ, ਕਿਉਂਕਿ ਇਨ੍ਹਾਂ ਧਰਮਾਂ ਵਿਚ ਉਨ੍ਹਾਂ ਦੀ ਸਮਾਜਿਕ ਹੈਸੀਅਤ ਤੇ ਆਰਥਿਕ ਅਜ਼ਾਦੀ ਦਾ ਮਸਲਾ ਕਿਸੇ ਦੀ ਸੂਰਤ ਵਿਚ ਪੂਰਾ ਨਹੀਂ ਸੀ ਹੋ ਸਕਦਾ। ਪੰਜਾਬ ਅੰਦਰ ਵੱਖ-ਵੱਖ ਪਾਰਟੀਆਂ ਤੇ ਧਾਰਮਿਕ ਸੰਗਠਨਾਂ ਦੁਆਰਾ ਦਲਿਤ ਸ਼ੁੱਧੀਕਰਨ ਦੇ ਰਾਹੀਂ ਸ਼ੂਦਰਾਂ ਨੂੰ ਆਪਣੇ ਧਰਮ ਵਿਚ ਲਿਆਉਣ ਦੀ ਹੋੜ ਲੱਗੀ ਹੋਈ ਸੀ। ਕਈ ਅਛੂਤ ਲੀਡਰ ਵੀ ਇਨ੍ਹਾਂ ਪਾਰਟੀਆਂ/ਸੰਗਠਨਾਂ ਦੇ ਵੱਲ ਖਿੱਚੇ ਜਾ ਰਹੇ ਸਨ। ਇਸ ਤਰ੍ਹਾਂ ਆਦਿ ਧਰਮ ਲਹਿਰ ਅੱਗੇ ਕਈ ਚੁਣੌਤੀਆਂ ਸਨ, ਪਰ ਬਾਬੂ ਮੰਗੂ ਰਾਮ ਨੇ ਆਪਣੀ ਅਣਥੱਕ ਘਾਲਣਾ ਦੇ ਨਾਲ ਅਛੂਤ ਲੋਕਾਂ ਵਿਚ ਇਕ ਵਿਸ਼ਵਾਸ ਪੈਦਾ ਕਰ ਦਿੱਤਾ ਸੀ ਕਿ ਉਨ੍ਹਾਂ ਦੀ ਮੁਕਤੀ ਦੀ ਲੜਾਈ ਆਦਿ ਧਰਮ ਦੇ ਝੰਡੇ ਹੇਠ ਹੀ ਲੜੀ ਜਾ ਸਕਦੀ ਹੈ। 'ਰਾਇਲ ਕਮਿਸ਼ਨ ਅਤੇ ਆਦਿ ਧਰਮ' ਅਧਿਆਇ ਵਿਚ 'ਆਦਿ ਡੰਕਾ' ਦੇ ਸੰਪਾਦਕ ਬਾਬੂ ਰਾਮ ਚੰਦ ਖੇੜਾ ਦੀ ਮੁਲਾਕਾਤ ਵਿੱਚੋਂ ਇਕ ਵਾਕਿਆ ਦਾ ਹਵਾਲਾ ਦੇਖੋ : ਨਵੰਬਰ 1928 ਵਿਚ ਰਾਇਲ ਕਮਿਸ਼ਨ ਲਾਹੌਰ ਆਇਆ ਤਾਂ ਬਾਬੂ ਮੰਗੂ ਰਾਮ ਦੀ ਅਗਵਾਈ ਵਿਚ ਵੱਡੀ ਗਿਣਤੀ ਵਿਚ ਆਦਿ ਧਰਮੀ ਲਾਲ ਝੰਡੇ, ਲਾਲ ਪਗੜੀਆਂ ਤੇ ਲਾਲ ਬੈਲਟਾਂ ਲਾ ਕੇ ਪਹੁੰਚੇ। ਉਨ੍ਹਾਂ ਵਿਚ ਬਹੁਤੇ ਲਾਹੌਰ ਦੇ ਇਲਾਕੇ ਵਿਚ ਭੱਠਿਆਂ 'ਤੇ ਕੰਮ ਕਰਨ ਵਾਲੇ ਪਥੇਰੇ ਸਨ। ਬਾਬੂ ਮੰਗੂ ਰਾਮ ਜੀ ਨੇ ਕਮਿਸ਼ਨ ਨੂੰ ਦੱਸਿਆ ਕਿ ਅਸੀਂ ਹਿੰਦੂ ਨਹੀਂ, ਆਦਿ ਧਰਮੀ ਹਾਂ। ਸਾਨੂੰ ਸਾਡੀ ਗਿਣਤੀ ਮੁਤਾਬਿਕ ਹੱਕ ਦਿੱਤੇ ਜਾਣ। ਭਾਰਤ ਅਜੇ ਅਜ਼ਾਦੀ ਦੇ ਕਾਬਲ ਨਹੀਂ, ਪਰ ਜੋ ਅਜ਼ਾਦੀ ਦੇਣੀ ਹੈ ਤਾਂ ਜੋ ਸਾਡੇ ਹਿੱਸੇ ਆਉਂਦਾ ਹੈ, ਉਹ ਸਾਨੂੰ ਦਿੱਤਾ ਜਾਵੇ'।

ਬਾਬੂ ਮੰਗੂ ਰਾਮ ਦੇ

ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫੀ ਨਹੀਂ

ਸੋਸ਼ਲਿਜਮ, ਯੂਟੋਪੀਆਈ ਅਤੇ ਵਿਗਿਆਨ

ਕਿਸ਼ਤ-9

ਜਗਰੂਪ

ਫਰੈਡਰਿਕ ਏਂਗਲਜ਼ ਨੇ 'ਸੋਸ਼ਲਿਜਮ' ਯੂਟੋਪੀਆਈ ਅਤੇ ਵਿਗਿਆਨਕ' ਵਿਚ ਅੰਤਰ ਦਰਸਾਉਂਦਿਆਂ, 'ਯੂਟੋਪੀਆਈ ਤੋਂ ਵਿਗਿਆਨਕ' ਹੋਣ ਵਿਚ ਮਾਰਕਸ ਦੇ ਯੋਗਦਾਨ ਨੂੰ ਦਰਸਾਇਆ ਹੈ।

(1) ਮਾਰਕਸ ਵੱਲੋਂ ਇਤਿਹਾਸ ਦੀ ਪਦਾਰਥਵਾਦੀ ਵਿਆਖਿਆ ਪੇਸ਼ ਕੀਤੀ ਗਈ ਅਤੇ ਪਹਿਲਾਂ ਵਾਂਗ ਉਹਦੇ 'ਬੋਧ' ਰਾਹੀਂ ਉਹਦੀ 'ਹੋਂਦ' ਦੀ ਵਿਆਖਿਆ ਕਰਨ ਦੀ ਥਾ, ਉਹਦੀ 'ਹੋਂਦ' ਰਾਹੀਂ ਉਹਦੇ 'ਬੋਧ' ਦੀ ਵਿਆਖਿਆ ਕੀਤੀ ਗਈ।'

'ਉਸ ਸਮੇਂ ਤੋਂ ਸਮਾਜਵਾਦ ਕਿਸੇ ਇੱਕ ਜਾਂ ਦੂਜੇ ਜੁਗਤੀ ਦਿਮਾਗ ਦੀ ਸੁਭਾਵਕ ਲਭਤ ਨਹੀਂ ਸਗੋਂ ਇਤਿਹਾਸਕ ਤੌਰ ਤੇ ਵਿਕਸਿਤ ਸ਼੍ਰੇਣੀਆਂ ਪ੍ਰੋਲਤਾਰੀ ਅਤੇ ਬੁਰਜਵਾਜੀ ਵਿਚਕਾਰ ਘੋਲ ਦਾ ਜਰੂਰੀ ਸਿੱਟਾ ਬਣ ਗਿਆ।'

(2) 'ਬਿਨਾਂ ਸ਼ੱਕ ਪਹਿਲੇ ਦਿਨਾਂ ਦਾ ਸਮਾਜਵਾਦ (ਯੂਟੋਪੀਆਈ) ਉਤਪਾਦਨ ਦੇ ਵਿਦਮਾਨ ਸਰਮਾਏਦਾਰ ਪ੍ਰਬੰਧ ਅਤੇ ਇਹਦੇ ਸਿਟਿਆਂ ਦੀ ਪੜਚੋਲ ਕਰਦਾ ਸੀ ਪਰ ਉਹਨਾਂ ਦੀ ਵਿਆਖਿਆ ਨਹੀਂ ਸੀ ਕਰ ਸਕਦਾ ਅਤੇ ਇਸੇ ਲਈ ਉਹਨਾਂ ਵਿਚ ਨਿਪੁੰਨਤਾ ਨਹੀਂ ਸੀ ਪ੍ਰਾਪਤ ਕਰ ਸਕਦਾ। ਇਹ ਤਾਂ ਉਹਨਾਂ ਨੂੰ ਬਸ ਭੈੜੇ ਹੋਣ ਵਜੋਂ ਰਦ ਹੀ ਕਰ ਸਕਦਾ ਸੀ।

ਪਹਿਲਾਂ ਦਾ (ਯੂਟੋਪੀਆਈ) ਸਮਾਜਵਾਦ ਜਿੰਨੀ ਵਧੇਰੇ ਸਖਤੀ ਨਾਲ ਸਰਮਾਏਦਾਰੀ ਅਧੀਨ ਕਿਰਤੀ ਸ਼੍ਰੇਣੀ ਦੀ ਅਟਲ ਲੁੱਟ -ਚੋਂਘ ਦੀ ਨਿਖੇਦੀ ਕਰਦਾ, ਉਨਾਂ ਹੀ ਉਹ ਘੱਟ ਸਪਸ਼ਟ ਤੌਰ ਉਤੇ ਇਹ ਵਿਖਾਉਣ ਦੇ ਯੋਗ ਸੀ ਕਿ ਲੁੱਟ- ਚੋਂਘ ਕਾਹਦੇ ਵਿੱਚ ਹੈ ਅਤੇ ਇਹ ਕਿਵੇਂ ਹੋਂਦ ਵਿੱਚ ਆਈ ?'

ਇਸ ਲਈ ਇਹ ਲਾਜਮੀ ਸੀ;

(1) ਉਤਪਾਦਨ ਦੇ ਸਰਮਾਏਦਾਰੀ ਪ੍ਰਬੰਧ ਨੂੰ ਇਹਦੇ ਪ੍ਰਸੰਗ ਵਿੱਚ ਅਤੇ ਇਸ ਲਈ ਇਕ ਵਿਸ਼ੇਸ਼ ਇਤਿਹਾਸਕ ਯੁਗ ਵਿੱਚ ਇਸ ਦੀ ਅਟੱਲਤਾ ਅਤੇ ਇਸ ਲਈ ਇਤਿਹਾਸਕ ਤੌਰ ਤੇ ਇਸ ਦਾ ਅਟੱਲ ਢਹਿ ਢੇਰੀ ਹੋਣਾ ਦਰਸਾਉਣਾ ਅਤੇ (2) ਇਹਦਾ ਅੰਤਰੀਵ ਖਾਸਾ ਜਿਹੜਾ ਅਜੇ ਤਕ ਲੁਪਤ ਸੀ, ਨੰਗਾ ਕਰਨਾ। ਇਹ ਕੰਮ ਵਾਧੂ-ਮੁੱਲ ਦੀ ਲੱਭਤ ਰਾਹੀਂ ਕੀਤਾ ਗਿਆ।'

'ਇਹਨਾਂ ਦੋ ਮਹਾਨ ਲੱਭਤਾਂ, ਇਤਿਹਾਸ ਦੇ ਪਦਾਰਥਵਾਦੀ ਸੰਕਲਪ ਅਤੇ ਵਾਧੂ- ਮੁੱਲ ਰਾਹੀਂ ਸਰਮਾਏਦਾਰ ਉਤਪਾਦਨ ਦਾ ਭੇਦ ਪ੍ਰਗਟ ਕਰਨ ਲਈ ਅਸੀਂ ਮਾਰਕਸ ਦੇ ਦੇਣਦਾਰ ਹਾਂ।ਇਹਨਾਂ ਲੱਭਤਾ ਨਾਲ ਸਮਾਜਵਾਦ ਇੱਕ ਵਿਗਿਆਨ ਬਣ ਗਿਆ। ਅਗਲਾ ਕੰਮ ਇਹਦੇ ਸਾਰੇ ਵਿਸਥਾਰਾਂ ਅਤੇ ਸਬੰਧਾਂ ਦੀ ਵਿਆਖਿਆ ਕਰਨਾ ਸੀ।'

ਉਪਰੋਕਤ ਬਾਰੇ (ਮਾਰਕਸਵਾਦ ਦੇ ਜਾਣੂੰ, ਸਮੇਤ ਨੀਮ ਹਕੀਮ) ਟਿੱਪਣੀ ਕਰ ਸਕਣਗੇ; 'ਇਸ ਵਿਚ ਨਵਾਂ ਕੀ ਹੈ'? 'ਅਸੀਂ ਇਹ ਸੱਭ ਪੜਿਆ ਹੈ , ਜਾਣਦੇ ਹਾਂ।' ਬਿਨਾਂ ਸ਼ੱਕ ਤੁਹਾਨੂੰ ਪਤਾ ਹੈ! ਫਿਰ ਵੀ, ਉਹਨਾਂ (ਜਾਣਕਾਰਾਂ) ਲਈ ਪ੍ਰਸ਼ਨ ਹੈ, ਜੇ ਜਾਣਦੇ ਹੋ, ਪੜਿਆ ਹੈ; ਫਿਰ ਵਿਗਿਆਨ ਨਤੀਜੇ ਦੇਣ ਵਿਚ ਅਸਫਲ ਕਿਉਂ ਹੈ? ਇਸ ਦਾ ਸਹੀ ਜਵਾਬ ਦੇਣਾ, ਲੈਣਾ, ਲੱਭਣਾ, ਅਮਲ ਕਰਨਾ ਜਰੂਰੀ ਕਿਉਂ ਨਹੀਂ ਹੈ?

ਕੀ ਅਜੋਕੇ 'ਮਾਰਕਸਵਾਦੀ', ਵਿਗਿਆਨਕ ਤੋਂ ਮੁੜ 'ਯੂਟੋਪੀਆਈ' ਸਮਾਜਵਾਦੀ ਢੰਗ (mode) ਦੇ ਆਦੀ ਹੋ ਗਏ ਹਨ ?, 'ਕੇਵਲ (ਸਰਮਾਏਦਾਰੀ ਨੂੰ) ਭੈੜੇ ਹੋਣ ਵਜੋਂ, ਰੱਦ ਕਰਨ ਦੀ ਭਾਰੂ ਜੁਜ ਦੇ ਵਿਖਿਆਣ ਵਾਲੇ, ਨਾਹਰੇਬਾਜ ਨਹੀਂ ਬਣ ਗਏ ਹਨ?

ਉਹ ਜਿੰਨਾ ਵਧੇਰੇ 'ਰਦ' ਕਰਦੇ ਹਨ ਉਨ੍ਹਾਂ ਹੀ ਘੱਟ ਇਹ ਦਰਸਾਉਣ ਵਿਚ ਰੁਚਿਤ ਹਨ ; ਕਿ

1) 'ਲੁੱਟ-ਚੋਂਘ ਕਾਹਦੇ ਵਿਚ ਹੈ'?

2) ਇਹ ਵਧਦੀ ਕਿਵੇਂ ਹੈ?

3) ਇਹ ਰੋਕਣੀ ਕਿਵੇਂ ਹੈ?

4) ਇਸ ਦਾ ਵਿਰੋਧਵਿਕਾਸਵਾਦ ਕੀ ਹੈ ? ਜਾਂ ਵਿਗਿਆਨਕ ਅਮਲ ਕਿਵੇਂ ਦਾ ਹੈ ?

5) ਕੀ ਬੁਨਿਆਦੀ ਵਿਗਿਆਨਕ ਸੂਤਰ, ਕਾਇਮ ਰਹਿੰਦਿਆਂ, ਰੂਪ ਬਦਲੀ(ਵਿਕਾਸ) ਕਰਦੇ ਹਨ ਜਾਂ ਨਹੀਂ ਕਰਦੇ ?

6) ਕੀ ਬੁਰਜੂਆ ਪ੍ਰਬੰਧ ਦੇ ਢਹਿ ਢੇਰੀ ਹੋਣ ਦੀ ਅਟਲਤਾ ਕਾਇਮ ਹੈ?

7) 'ਆਧਾਰ ਅਤੇ ਉਸਾਰ'

ਬਦਲਾਓ ਲਈ ਘੋਲ ਦਾ (ਬੁਨਿਆਦੀ) ਖੇਤਰ, ਉਸਾਰ ਹੈ ਜਾਂ ਆਧਾਰ ਹੈ ?

ਸਪਸ਼ਟ ਹੈ: ਯੂਟੋਪੀਆਈ ਅਤੇ ਉਜੱਡ-ਸਮਾਜਵਾਦੀ ਜਵਾਬ, ਵਿਗਿਆਨਕ ਸਮਾਜਵਾਦੀ ਜਵਾਬਾਂ ਨਾਲੋਂ ਭਿੰਨ ਹੋਣਗੇ। ਪਰ ਮਾਰਕਸਵਾਦ ਤਾਂ ਮੁਢੋਂ ਹੀ ਵਿਗਿਆਨਕ-ਸਮਾਜਵਾਦ ਦਾ ਧਾਰਨੀ ਹੈ। ਅਸੀਂ ਤੇ ਖੁਦ ਨੂੰ 'ਮਾਰਕਸਵਾਦੀ', ਸੱਦਦੇ, ਸੱਦੋਂਦੇ ਹਾਂ!

'ਲੁੱਟ-ਚੋਂਘ ਕਾਹਦੇ ਵਿਚ ਹੈ'?, ਦੇ ਪ੍ਰਪੱਕ ਜਵਾਬ ਲਈ, ਸਾਨੂੰ ਫਿਰ ਮਾਰਕਸ ਦੀ 'ਵਾਧੂ-ਮੁੱਲ' ਦੀ ਲੱਭਤ ਤੋਂ ਸ਼ੁਰੂ ਕਰਨਾ ਪਵੇਗਾ। ਅਤੇ ਰੋਕਣ ਲਈ ਵੀ 'ਵਾਧੂ-ਮੁੱਲ' ਦੇ ਕੇਂਦਰ ਉਤੇ ਕਿਰਿਆਸ਼ੀਲ ਹੋਣਾ ਪਵੇਗਾ। ਜਿੱਥੇ ਲੁੱਟ-ਚੋਂਘ ਹੁੰਦੀ ਹੈ, ਰੋਕ ਦਾ ਨੁਕਤਾ (Standpoint) ਵੀ ਉਹੀ ਹੈ। ਇਹੀ, ਮਾਰਕਸ ਦੁਆਰਾ ਸਿਖਿਆਤ ਬੁਰਜੂਆ ਸਮਾਜ ਦੇ ਵਿਰੋਧਵਿਕਾਸਵਾਦ ਦਾ ਕੇਂਦਰੀ ਨੁਕਤਾ ਵੀ ਹੈ। ਜਿਥੋਂ ਉਲਟ ਦਿਸ਼ਾਈ ਦੋ ਮਾਰਗ ਵਹਿੰਦੇ ਹਨ;

1) ਬੁਰਜੂਆ-ਵਿਕਾਸ ਮਾਰਗ; ਕਿਰਤੀ ਲਈ ਬੇਗਾਨਗੀ ਦਾ ਮਾਰਗ, ਉਸ ਲਈ ਸਮਾਜਕ ਵਰਤਾਰਾ ਬਣਦਾ ਹੈ। ਅਤੇ

2) ਪ੍ਰੋਲਤਾਰੀ-ਸਾਂਝੀਵਾਲ ਸਮਾਜ ਵਿਕਾਸ ਮਾਰਗ। ("..the proletariat--the creator of a new communist society".-Lenin)

ਪਹਿਲੇ ਦਾ ਵਿਖਿਆਣ ਬੇਗਾਨਗੀ-ਸਿਧਾਂਤ, (theory of alienation) ਹੈ, ਅਤੇ ਦੂਜੇ ਦਾ ਉਲੇਖ ਸੁਤੰਤਰ ਸਮਾਂ ਉਪਜਾਣ ਤੇ ਵੰਡਣ ਢੰਗ ਦਾ ਸਿਧਾਂਤ ((theory of free time mode of production and distribution) ਹੈ।'

'ਦਾਸ ਕੈਪੀਟਲ' ਵਿਚ ਇਹਨਾਂ ਦੋਵਾਂ ਦਾ ਵਿਖਿਆਣ ਮੌਜੂਦ ਹੈ। ਜਿਹੜੇ ਇਸ ਸਮਝਦਾਰੀ ਤੋਂ ਮੁਨਕਰ ਹਨ,ਉਹਨਾਂ ਨੂੰ ਕੀ ਨਾਮ ਦੇਣਾ ਹੈ ? ਫੈਸਲਾ ਖੁਦ ਕਰ ਲੈਣਾ ! ਮਾਰਕਸਵਾਦ ਵਿਚ, ਸਿਧਾਂਤ ਮੰਨ ਕੇ ਅਮਲ-ਛੱਡਣ ਵਾਲਿਆਂ ਲਈ ਸ਼ਬਦ ਭਗੌੜਾ ਵਰਤਿਆ ਜਾਂਦਾ ਹੈ। ਤਬਦੀਲੀ ਦੀ ਬੁਨਿਆਦ; ਆਰਥਕ-ਆਧਾਰ ਵਿਚ ਤਬਦੀਲੀ ਨੂੰ ਛੱਡ ਕੇ, ਉਸਾਰ ਵਿਰੁੱਧ ਲੜਾਈ ਦਾ ਰੁਖ ਕਰਨ, ਪ੍ਰਚਾਰ ਕਰਨ ਵਾਲਿਆਂ ਨੂੰ 'ਕਾਨੂੰਨੀ-ਮਾਰਕਸਵਾਦੀ' ਸ਼ਬਦ ਨਾਲ 'ਨਿਵਾਜਿਆ' ਮਿਲਦਾ ਹੈ। ਉਹ ਮਾਰਕਸਵਾਦ ਦਾ ਜਾਪ ਕਰਦੇ ਹਨ,ਪਰ ਬਿਨਾਂ 'ਜਮਾਤੀ-ਘੋਲ' ਦੇ। ਇਹਨਾਂ ਦੀਆਂ ਮਸ਼ਹੂਰ 'ਨਸਲਾਂ' ਹਨ; 'ਨਵ-ਮਾਰਕਸਵਾਦੀ', 'ਸਭਿਆਚਾਰਕ-ਸਰਦਾਰੀਵਾਦੀ', 'ਸਰੰਚਨਾਵਾਦੀ', 'ਅਧੁਨਿਕਤਾ ਵਾਦੀ', 'ਪੋਸਟ ਅਧੁਨਿਕਤਾਵਾਦੀ', 'ਖੱਬੇ-ਪੱਖੀ' ਆਦਿ, ਆਦਿ।ਸੋਵੀਅਤ ਸੰਘ' (USSR) ਵਿਚ ਸਮਾਜਵਾਦੀ ਉਸਾਰੀ ਦੇ (ਨਵੇਂ) ਤਜਰਬੇ ਸਮੇਂ ਹੋਈਆਂ ਭੁੱਲਾਂ, ਗਲਤੀਆਂ ਨੂੰ ਉਛਾਲਣ ਵਾਲੇ, ਵਿਗਾੜਾਂ ਦੀ ਜੜ੍ਹ ਸਿਧਾਂਤ ਵਿਚ ਲੱਭਣ ਅਤੇ ਦੂਰ ਕਰਨ ਦੀ ਰਾਏ ਤੋਂ ਸੱਖਣੇ ਹਨ। ਉਹ, ਲੀਡਰਾਂ (ਲੈਨਿਨ, ਸਟਾਲਿਨ) ਨੂੰ ਨਿਸ਼ਾਨਾ ਬਣਾ ਕੇ ਭੰਡੀ ਪਰਚਾਰ ਕਰਨ ਵਾਲੇ, ਸਵੈ ਘੋਸ਼ਤ 'ਤੀਸ ਮਾਰ ਖਾਂ' ਸਨ, ਅੱਜ ਵੀ ਹਨ। ਯੂ ਐਸ ਐਸ ਆਰ ਦੇ ਖਿੰਡਾਅ ਪਿਛੋਂ 'ਭਗੌੜਿਆਂ' ਦੀ ਗਿਣਤੀ ਘੱਟ ਨਹੀਂ, ਸਗੋਂ ਵਧੀ ਹੈ। ਪਰ ਉਹਨਾਂ ਦੇ ਹੱਥ ਪੱਲੇ ਕੁਝ ਨਹੀਂ ਹੈ।ਉਹ ਵਿੰਗ- ਵਲ ਨਾਲ 'ਸੱਤਾ' ਪੱਖੀ ਹਨ। ਬੁਰਜੂਆਜੀ ਸਮਸਿਆ ਪੈਦਾ ਕਰਨ ਵਾਲੀ ਹੈ, ਹੱਲ ਕਰਨ ਵਾਲੀ ਕਦੇ ਵੀ ਨਹੀਂ ਬਣ ਸਕਦੀ। ਭੁਲੇਖੇ ਸਿਰਜਨਾ ਉਸ ਦੀ ਨੀਤੀ ਹੈ। ਭੁਲੇਖਿਆਂ ਦਾ ਸ਼ਿਕਾਰ ਹੋਣਾ, ਗੈਰ ਮਾਰਕਸਵਾਦੀ ਹੋਣਾ ਹੈ।

'ਮਾਰਕਸਵਾਦ ਸਰਬ ਸ਼ਕਤੀਮਾਨ ਹੈ ਕਿਉਂਕਿ ਇਹ ਸੱਚ ਹੈ' ਇਸ ਕੱਥਨ ਨੂੰ ਕੋਈ ਚੁਣੌਤੀ ਨਹੀਂ ਹੈ। ਚੋਣ ਇਕੋ ਹੈ; ਮਾਰਕਸਵਾਦ (ਦਰਸ਼ਨ, ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ)ਨੂੰ ਪਦਾਰਥਵਾਦੀ ਢੰਗ ਨਾਲ ਪੜ੍ਹਿਆ, ਸਮਝਿਆ ਤੇ ਅਮਲ ਵਿਚ ਲਿਆਂਦਾ ਜਾਵੇ।

ਇਸ ਦੇ 'ਤਿੰਨ ਸੋਮੇ' (ਦਰਸ਼ਨ, ਰਾਜਸੀ ਆਰਥਕਤਾ ਅਤੇ ਵਿਗਿਆਨਕ ਸਾਂਝੀਵਾਲਤਾ) ਅਤੇ ਇਹੀ 'ਤਿੰਨ ਅਟੁਟ ਅੰਗ', 'ਚੰਗੀ ਤਰਾਂ ਸੋਚੇ ਸਮਝੇ ਤੇ ਪੱਕੀ ਤਰਾਂ ਗ੍ਰਿਹਣ ਕੀਤੇ' ਹੋਣ ਦੀ ਲੋੜ ਹੈ।ਮੁਹਾਰਤ ਹਾਸਲ ਕਰਨ ਦੀ ਲੋੜ ਹੈ।ਲੈਨਿਨ ਦੀ ਸਿਧਾਂਤਕ ਚਿਤਾਵਨੀ ਹੋਰ ਵੀ ਪ੍ਰਸੰਗਕ ਹੈ ; ਕਿ; ਵਿਗਿਆਨਕ- ਸਾਂਝੀਵਾਲਤਾ ਬਗੈਰ ਪਦਾਰਥਵਾਦ ਵੀ ਅਧੂਰਾ ਤੇ ਬੇਜਾਨ ਹੋ ਜਾਂਦੈ ਹੈ।

'ਵਾਧੂ-ਮੁੱਲ ਸਿਧਾਂਤ'

("Theory of Surplus Value")

ਇਹ(ਵਾਧੂ ਮੁੱਲ ਸਿਧਾਂਤ), - 'ਵਿਗਿਆਨਿਕ- ਸਾਂਝੀਵਾਲਤਾ' (Scinetific Communism) ਦੀ ਅਟੱਲਤਾ ਦਾ ਪਰਿਮਾਣ ਹੈ। ਇਸ ਦਾ ਆਧਾਰ ਮਾਰਕਸ ਦੀ ਮਹਾਨ ਲਭਤ: 'ਮੁੱਲ ਦਾ ਕਿਰਤ- ਸਿਧਾਂਤ '(Labour theory of value) ਹੈ।ਜੇ ਮਾਰਕਸ ਨੇ ਇਹ ਲੱਭਤ ਨਾ ਲੱਭੀ ਹੁੰਦੀ ਤਾਂ ਉਹ 'ਵਾਧੂ ਮੁੱਲ ਦਾ ਸਿਧਾਂਤ' ਦੇ ਹੀ ਨਾ ਪਾਉਂਦਾ।ਫਿਰ ਸਮਾਜਵਾਦ ਯੂਟੋਪੀਆਈ ਹੀ ਬਣਿਆ ਰਹਿੰਦਾ।(ਜਾਂ ਇਹ ਕੰਮ ਕੋਈ ਹੋਰ ਪਰਮਗੁਣੀ ਕਰਦਾ) ਅਜੋਕੇ ਬੁੱਧੀਮਾਨ ; ਜੋ ਵਿਗਿਆਨਕ ਸਾਂਝੀਵਾਲਤਾ ਦੀ ਅਟੱਲਤਾ ਤੋਂ ਡਗਮਗਾਏ (ਨਜਰ ਆਉਂਦੇ) ਹਨ, ਉਹਨਾਂ ਨੂੰ 'ਮੁੱਲ ਦਾ ਕਿਰਤ ਸਿਧਾਂਤ' ਪੜ੍ਹਣ ਅਤੇ ਸਮਝ ਦਾ ਹਿੱਸਾ ਬਣਾਉਣ ਦੀ ਉਨੀਂ ਹੀ ਲੋੜ ਹੈ, ਜਿੰਨੀ ਜਿੰਦਾ ਰਹਿਣ ਲਈ ਸਾਹ ਲੈਣ ਦੀ ਹੁੰਦੀ ਹੈ। ਇਸ ਸਮਝਦਾਰੀ ਬਗੈਰ 'ਵਾਧੂ-ਮੁੱਲ ਦਾ ਸਿਧਾਂਤ' ਬੇਜਾਨ ਹੋ ਜਾਂਦਾ ਹੈ। ਇਹਨਾਂ ਧਾਰਨਾਵਾਂ ਨੂੰ ਰੱਟਾ ਲਾਉਣ ਦੀ ਲੋੜ ਨਹੀਂ, ਇਹਨਾਂ ਨੂੰ ਮਨ, ਮੰਤਕ ਵਸਾਉਣ ਦੀ ਲੋੜ ਹੈ, ਕਿਉਂਕ ਇਹ ਰਾਜਸੀ- ਆਰਥਕਤਾ ਦੀ ਰੂਹ-ਆਤਮਾ ਹੈ। ਬੁਰਜੂਆ- ਬੁਧੀਮਾਨਾਂ ਨੇ ਇਹਨਾਂ ਧਾਰਨਾਵਾਂ ਨੂੰ ਵਿਗਾੜਨ ਵਿੱਚ ਸਿਖਰਲੀ ਤਾਕਤ ਝੋਕ ਰੱਖੀ ਹੈ। ਇਹਨਾਂ ਦਾ ਵਿਗਾੜਿਆ ਰੂਪ ਵਿਦਿਅਕ- ਪਾਠਕਰਮਾ (University syllabus's) ਤਕ ਸ਼ਾਮਿਲ ਕਰਾ ਰੱਖਿਆ ਹੈ। ਸੱਭ ਵਿਉਂਤੇ ਵਿਗਾੜਾਂ ਦੇ ਬਾਵਜੂਦ ਮਾਰਕਸਵਾਦੀ ਰਾਜਸੀ ਆਰਥਕਤਾ ਦੇ ਸੱਚ ਅੱਗੇ, ਬੁਰਜੂਆ ਬੌਧਿਕਤਾ(ਹਿੱਤਾਂ ਕਾਰਨ) ਬੌਣੀ ਅਤੇ ਅਸਮਰਥ ਬਣੀ ਹੋਈ ਹੈ।

ਉਹ ਮਾਰਕਸ ਦੇ 'ਵਾਧੂ-ਮੁੱਲ ਸਿਧਾਂਤ' ਉਪਰ ਸਿੱਧਾ ਹਮਲਾ ਕਰਨ ਦੇ ਅਸਮਰਥ ਹੋਣ ਕਾਰਨ, ਵਾਧੂ ਮੁੱਲ ਦੇ ਇਕੋ ਇਕ ਸਰੋਤ, 'ਮੁੱਲ ਦੇ ਕਿਰਤ ਸਿਧਾਂਤ' ਵਿਚ ਖੋਟ ਰਲਾਉਣ ਤੇ ਜੋਰ ਦਿੰਦੀ ਹੈ।

ਮਾਰਕਸ ਨੇ 'ਕਿਰਤ' (Labour) ਅਤੇ 'ਕਿਰਤ ਸ਼ਕਤੀ' (Labour power) ਦਾ ਜੋ ਵੱਖਰੇਵਾਂ ਕੀਤਾ, ਅਤੇ ਦਿਖਾਇਆ ਕਿ 'ਕਿਰਤ-ਸ਼ਕਤੀ', ਮੁੱਲ ਸਿਰਜਕ ਹੈ ਅਤੇ ਇਹ ਮੁੱਲ ਉਸ ਦੇ ਆਪਣੇ ਮੁੱਲ ਤੋਂ ਵਧੇਰੇ ਹੁੰਦਾ ਹੈ।ਇਸ ਸੱਚ ਨੂੰ ਛੁਪਾਣ ਅਤੇ 'ਮੁੱਲ ਦੇ ਕਿਰਤ ਸਿਧਾਂਤ' ਨੂੰ ਵਿਗਾੜਨ ਲਈ, ਉਹ (ਬੁਰਜੂਆ ਅਰਥ ਸ਼ਾਸਤਰੀ) ਮੁੱਲ ਸਿਰਜਨ ਲਈ, ਕਿਰਤ- ਸ਼ਕਤੀ ਨਾਲ ਵਾਧੂ ਫੈਕਟਰ; 'ਕੱਚਾ ਮਾਲ' ਅਤੇ ਉਰਜਾ-ਸਰੋਤ ਨੂੰ ਜੋੜ ਕੇ, ਇਸ ਨੂੰ 'ਚਾਲੂ ਸਰਮਾਇਆ' (Circulating capital) ਦਾ ਨਾਮ ਦਿੰਦੇ ਹਨ। ਜਿਸ ਨਾਲ ਮਾਰਕਸ ਦੇ ਖੋਜੇ ਸੱਚ ਨੂੰ ਧੁੰਦਲਾ ਕਰਦੇ ਅਤੇ ਕੁਰਾਹੇ ਪਾਉਣ ਦਾ ਕਾਰਜ ਨਿਭਾਉਂਦੇ ਹਨ। ਜਿਸ ਨਾਲ ਵਾਧੂ ਮੁੱਲ ਦਾ ਸਿਧਾਂਤ ਵਿਗਿਆਨਕ ਆਧਾਰ ਗਵਾ ਲੈਂਦਾ ਹੈ। ਇੰਝ ਉਹ ਇਸ ਸ਼ਕਤੀਸ਼ਾਲੀ ਸਿਧਾਂਤ ਨੂੰ ਨਿਕਾਰਾ ਕਰਨ ਦੇ ਰਾਹ ਪਾਉਂਦੇ ਹਨ।

ਜਿਹੜਾ ਵੀ ਮਨੁੱਖ ਮਾਰਕਸਵਾਦ ਤੋਂ ਜਾਣੂੰ ਹੈ ਉਹ ਮਾਰਕਸ ਦੁਆਰਾ ਬਿਆਨ ਕੀਤੀ - 'ਸਰਮਾਏ ਦੀ ਜੁੱਟ ਬਣਤਰ' (organic composition of capital), [CC:VC, (Constant capital : Variable capital)] ਬਾਰੇ ਕਿਸੇ ਭੁਲੇਖੇ ਵਿਚ ਨਹੀਂ ਹੋਵੇਗਾ। ਅਤੇ ਉਹ ਬੁਰਜੂਆ ਬਣਤਰ, (63:33) ਸਥਿਰ ਸਰਮਾਇਆ: ਚਾਲੂ ਸਰਮਾਇਆ, ਬਾਰੇ ਵੀ ਜਾਣਦਾ ਹੋਵੇਗਾ।

ਇਸ ਲਈ ਵਿਗਿਆਨਕ-ਸਮਾਜਵਾਦ ਵਲ ਵਧਣ ਲਈ, ਬੁਰਜੂਆ ਵਿਗਾੜ ਦੇ ਧੂੰਆਂਧਾਰ ਝੂਠੇ ਪ੍ਰਚਾਰ ਤੋਂ ਬਚਦਿਆਂ, ਮਾਰਕਸ ਵਲੋਂ ਦਰਸਾਏ ਵਿਗਿਆਨਕ ਆਧਾਰ ਉਤੇ ਅਮਲ ਦੇ ਰਾਹ ਪੈਣਾ ਅਤੇ ਜਮਾਤੀ ਘੋਲ ਨੂੰ ਪਰਖਣਾ ਹੋਵੇਗਾ।

ਪ੍ਰਿੰਸੀਪਲ ਗਿਆਨ ਸਿੰਘ ਦੁਸਾਂਝ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ ਨੂੰ ਆਪਣੀ ਲਿਖੀ ਪੁਸਤਕ 'ਦੁਸਾਂਝ ਕਲਾਂ ਦਾ ਮਾਣਮੱਤਾ ਇਤਿਹਾਸ' ਭੇਟ ਕਰਦੇ ਹੋਏ, ਉਨ੍ਹਾਂ ਦੇ ਨਾਲ ਭਗਵੰਤ ਰਸੂਲਪੁਰੀ।

ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਕੇਸਰਾ ਰਾਮ ਦਾ ਸਨਮਾਨ

ਨਵੀਂ ਦਿੱਲੀ : ਹਰਿਆਣਾ ਸਾਹਿਤ ਤੇ ਸੰਸਕ੍ਰਿਤੀ ਅਕਾਦਮੀ ਵੱਲੋਂ ਦਾਦਾ ਲਖਮੀ ਚੰਦ ਸਟੇਟ ਯੂਨੀਵਰਸਿਟੀ ਆਫ਼ ਪਰਫ਼ੋਰਮਿੰਗ ਐਂਡ ਵਿਜ਼ੂਅਲ ਆਰਟਸ, ਰੋਹਤਕ ਵਿਖੇ ਕਰਵਾਏ ਗਏ ਸੂਬਾ ਪੱਧਰੀ 'ਸਾਹਿਤਕਾਰ ਸਨਮਾਨ ਸਮਾਰੋਹ' ਦੌਰਾਨ ਚਰਚਿਤ ਕਹਾਣੀਕਾਰ ਅਤੇ ਪੰਜਾਬੀ ਸਾਹਿਤ ਸਭਾ (ਨਵੀਂ ਦਿੱਲੀ) ਦੇ ਡਾਇਰੈਕਟਰ ਕੇਸਰਾ ਰਾਮ ਨੂੰ ਪੰਜਾਬੀ ਸਾਹਿਤ ਵਿੱਚ ਪਾਏ ਵਡਮੁੱਲੇ ਯੋਗਦਾਨ ਲਈ ਵੱਕਾਰੀ 'ਸੰਤ ਤਰਨ ਸਿੰਘ ਵਹਿਮੀ ਪੁਰਸਕਾਰ' ਨਾਲ ਨਿਵਾਜਿਆ ਗਿਆ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਉਨ੍ਹਾਂ ਨੂੰ ਦੋ ਲੱਖ ਰੁਪਏ ਦੀ ਨਗਦ ਰਾਸ਼ੀ, ਸ਼ਾਲ ਅਤੇ ਸਨਮਾਨ ਪੱਤਰ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

ਇਸ ਮੌਕੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕੇਸਰਾ ਰਾਮ ਨੇ ਕਿਹਾ ਕਿ ਆਪਣੇ ਹੀ ਇਲਾਕੇ ਦੇ ਮਹਾਨ ਸੰਤ ਤਰਨ ਸਿੰਘ ਵਹਿਮੀ ਦੇ ਨਾਂਅ 'ਤੇ ਸਥਾਪਤ ਇਹ ਪੁਰਸਕਾਰ ਪ੍ਰਾਪਤ ਕਰਕੇ ਮੈਂ ਬੇਹੱਦ ਮਾਣ ਮਹਿਸੂਸ ਕਰ ਰਿਹਾ ਹਾਂ।ਜ਼ਿਕਰਯੋਗ ਹੈ ਕਿ ਕੇਸਰਾ ਰਾਮ ਦੇ ਹੁਣ ਤੱਕ ਪੰਜ ਕਹਾਣੀ ਸੰਗ੍ਰਹਿ ਅਤੇ ਇੱਕ ਨਾਵਲ ਸਮੇਤ ਕੁੱਲ 20 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਅੱਜਕੱਲ੍ਹ ਉਹ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੇ ਤਿਮਾਹੀ ਰਸਾਲੇ 'ਸਮਕਾਲੀ ਸਾਹਿਤ' ਦੇ ਸੰਪਾਦਕ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਨ੍ਹਾਂ ਦੀਆਂ ਲਿਖਤਾਂ ਕਈ ਯੂਨੀਵਰਸਿਟੀਆਂ ਦੇ ਸਿਲੇਬਸਾਂ ਦਾ ਹਿੱਸਾ ਹਨ, ਜਿਨ੍ਹਾਂ 'ਤੇ ਐ

ਤੇਜਿੰਦਰ ਚੰਡਿਹੋਕ ਦੀਆਂ ਨਵੀਂਆਂ .ਗ਼ਜ਼ਲਾਂ

ਸਿਲਸਿਲਾ ਏਦਾਂ ਹੀ ਚਲਦਾ ਰਹੇ।
ਕਿ ਦਿਨ ਚੜ੍ਹਦਾ ਅਤੇ ਢਲ਼ਦਾ ਰਹੇ।
ਚਾਹਤ 'ਚ ਉਸ ਦੀ ਦੇਖੋ ਪਤੰਗਾ,
ਸ਼ਮ੍ਹਾ ਉਤੇ ਸਦਾ ਹੀ ਬਲ਼ਦਾ ਰਹੇ।
ਰਿਸ਼ਤਿਆਂ 'ਚ ਭਾਵੇਂ ਕੁੜੱਤਣ ਹੈ,
ਪਰ ਦਿਖਾਵੇ ਵਿਚ ਤਾਂ ਪਰਦਾ ਰਹੇ।
ਦਿਨ ਚੜ੍ਹੇ ਤਾਂ ਭਾਵੇਂ ਛੁਪ ਜਾਂਦੈ,
ਰਾਤ ਜੁਗਨੂੰ ਦਾ ਬਲਬ ਬਲ਼ਦਾ ਰਹੇ।
ਨਾ ਹੀ ਘਟੇ ਕਦੇ ਫੁੱਲਾਂ 'ਚ ਮਹਿਕ,
ਸਾਥ ਭਵਰੇ ਦਾ ਵੀ ਚਲਦਾ ਰਹੇ।
ਆਵੇ ਉਹ ਜਾਂ ਨਾ ਆਵੇ ਚੰਡਿਹੋਕ,
ਭਰਮ ਉਸ ਦੇ ਆਉਣ ਦਾ ਪਲ਼ਦਾ ਰਹੇ।

(2)
ਜ਼ਿੰਦਗੀ ਮੇਰੀ ਬੂਟਾ ਅਜੇ ਕੁੰਦਨ ਨਹੀਂ।
ਬੰਦਨਾ ਤੇਰੀ ਦਾ ਬੂਟਾ, ਚੰਦਨ ਨਹੀਂ।
ਪਿਆਰ ਤਾਂ ਹੁੰਦਾ ਹੈ, ਮੇਲ ਰੂਹਾਂ ਦਾ,
ਪਿਆਰ ਦੇ ਵਿੱਚ, ਕੋਈ ਬੰਧਨ ਨਹੀਂ।
ਰੁੱਸੇ ਹੋ ਕਿਉਂ, ਜੇ ਦਿਲਲਗੀ ਨਹੀਂ,
ਦਿਲਾਂ ਦਾ ਵਟਾਉਣਾ ਕੋਈ ਔਗੁਣ ਨਹੀਂ।
ਜ਼ੁਲਫਾਂ 'ਚ ਕਿਉਂ ਛੁਪਾ ਰਹੇ ਹੋ ਮੁਖੜਾ,
ਕਾਲੀ ਘਟਾ ਹੈ, ਕੋਈ ਚਿਲਮਨ ਨਹੀਂ।
ਮਹਿਫ਼ਿਲ ਤੇਰੀ ਵਿੱਚ, ਜੋ ਨੇ ਪੀ ਰਹੇ,
ਸਾਨੂੰ ਖੁਸ਼ੀ ਹੈ, ਕੋਈ ਜਲਨ ਨਹੀਂ।
ਰਾਹਾਂ ਤੇਰਿਆਂ 'ਤੇ, ਫੁੱਲ ਵਰਸਾਉਣੇ
ਜ਼ਿੰਦਗੀ ਦਾ ਇਹ, ਕੋਈ ਚਲਨ ਨਹੀਂ।
'ਚੰਡਿਹੋਕ' ਨੂੰ ਰੋਕਦੇ ਹੋ ਕਿਸ ਲਈ
ਜੇ ਹਵਾ ਤੇ ਵਕਤ ਨੂੰ ਬੰਧਨ ਨਹੀਂ।

(3)
ਜਦੋਂ ਵੀ ਬੱਦਲਾਂ ਪਾਣੀ ਢੋਇਆ ਹੈ।
ਅੰਬਰ ਸਾਰਾ ਤਿਪ-ਤਿਪ ਕਰਕੇ ਚੋਇਆ ਹੈ।
ਜ਼ਾਲਮ ਨੇ ਜਦ ਵੀ ਮਜ਼ਲੂਮਾਂ ਨੂੰ ਕੋਹਿਆ ਹੈ,
ਮਾਨਵਤਾ ਦਾ ਦਿਲ ਛਮ ਛਮ ਕਰਕੇ ਰੋਇਆ ਹੈ।
ਗੁਰਬਤ ਦੇ ਵਿਚ ਕਿਤਨੇ ਲੋਕੀਂ ਡੁੱਬੇ ਨੇ,
ਗੁਰਬਤ ਦਾ ਪਰ ਦਾਗ਼ ਕਿਸੇ ਨਾ ਧੋਇਆ ਹੈ।
ਹੱਕ, ਸੱਚ, ਇਨਸਾਫ਼ ਦੀ ਜਦ ਗੱਲ ਚੱਲੀ
ਮੋਇਆ ਤਾਂ ਬੱਸ, ਮਾੜਾ ਹੀ ਮੋਇਆ ਹੈ।
'ਚੰਡਿਹੋਕ' ਨੇ ਜਦ ਵੀ ਆਪਾ ਢੋਇਆ ਹੈ,
ਕਲਮ ਓਹਦੀ ਨੇ ਰਾਗ ਨਵਾਂ ਇਕ ਛੋਹਿਆ ਹੈ।

(4)
ਬਿਨਾਂ ਦੌਲਤ ਦੇ ਅੱਜ ਕੋਈ ਦਿਲਦਾਰ ਨਹੀਂ।
ਪਹਿਲਾਂ ਵਰਗਾ ਲੋਕਾਂ ਦਾ ਕਿਰਦਾਰ ਨਹੀਂ।
ਮਿਹਨਤ ਕਰਕੇ ਮੁੜ੍ਹਕੇ ਦੇ ਵਿਚ ਨਹਾ ਕੇ ਵੀ,
ਕਾਮਾ ਪੂਰੀ ਉਜਰਤ ਦਾ ਹੱਕਦਾਰ ਨਹੀਂ।
ਰੱਤ ਬਾਲ ਕੇ ਜਿਸਨੇ ਚਾਨਣ ਕੀਤਾ ਹੈ,
ਮਿਹਨਤਕਸ਼ ਹੈ, ਉਹ ਕੋਈ ਸਰਦਾਰ ਨਹੀਂ।
ਥਾਂ ਥਾਂ ਉਤੇ ਉਸ ਦੇ ਚਰਚੇ ਹੁੰਦੇ ਨੇ,
ਸਭ ਦਾ ਹੈ ਜੋ ਸਾਂਝਾ, ਜੋ ਗੱਦਾਰ ਨਹੀਂ।
ਭਾਸ਼ਨ ਤਾਂ ਹੁਣ ਰੋਜ਼ ਹੀ ਸੁਣਨੇ ਪੈਂਦੇ ਨੇ,
ਪਰ ਇਹ ਨਿਰੇ ਭਾਸ਼ਨ ਤਾਂ ਸਵੀਕਾਰ ਨਹੀਂ।
ਦਿਨ ਢਲ਼ੇ ਤੋਂ ਆਪਣੇ ਘਰ ਨੂੰ ਮੁੜ ਪਏ ਹਾਂ,
'ਚੰਡਿਹੋਕ' ਨੂੰ ਲੱਭਿਆ, ਕੋਈ ਰਾਜ਼ਦਾਰ ਨਹੀਂ।

(5)
ਆਦਮੀ ਸਾਬਤ ਨਹੀਂ ਹੈ ਸਾਰੇ ਦਾ ਸਾਰਾ ਕੋਈ।
ਹੈ ਭਟਕਦਾ ਰਾਤ ਦਿਨ, ਉਹ ਮੰਜ਼ਿਲਾਂ ਮਾਰਾ ਕੋਈ।
ਹਾਦਸਾ ਦਰ ਹਾਦਸਾ ਹੈ ਜ਼ਿੰਦਗੀ ਇਕ ਸਿਲਸਿਲਾ,
ਛਾ ਰਿਹੈ ਸੰਕਟ ਜਿਹਾ, ਇਨਸਾਨ 'ਤੇ ਭਾਰਾ ਕੋਈ।
ਗਰਦਿਸ਼ਾਂ ਵਿਚ ਹੀ ਰਹੇ ਹਨ ਜਿਸ ਦੇ ਤਾਰੇ ਦੋਸਤੋ,
ਲੱਭ ਰਿਹੈ ਉਹ ਬੇਸਹਾਰਾ, ਗ਼ੈਰਾਂ ਤੋਂ ਚਾਰਾ ਕੋਈ।
ਉਮਰ ਲੰਘੀ ਸਾਰੀ, ਇਕ ਇੰਤਜ਼ਾਰ ਉਸਦਾ ਰਿਹਾ,
ਦੇ ਗਿਆ ਐਪਰ ਦਿਲਾਸਾ, ਲਾ ਗਿਆ ਲਾਰਾ ਕੋਈ।
'ਚੰਡਿਹੋਕ' ਉਸ ਸ਼ਖ਼ਸ ਦੇ ਫ਼ਿਕਰ 'ਚ ਹੀ ਮਰ ਗਿਆ,
ਟੁੱਟ ਗਿਆ ਵੇਲੇ ਤੋਂ ਪਹਿਲਾਂ ਹੀ, ਜਿਵੇਂ ਤਾਰਾ ਕੋਈ।

(6)
ਜੀਅ ਨਾ ਲੱਗੇ ਤੇਰੇ ਗਰਾਂ।
ਦੱਸ ਵੇ ਸੱਜਣਾ ਕੀ ਕਰਾਂ?
ਜਿਧਰ ਵੇਖਾਂ, ਹੈ ਵੀਰਾਨੀ,
ਐਧਰ ਜਾਂ ਕਿ ਓਧਰ ਜਾਂ।
ਤੂੰ ਭਾਵੇਂ ਭੁੱਲ ਗਿਆ ਅਸਾਨੂੰ
ਪਰ ਮੈਂ ਤੈਨੂੰ, ਕਿੰਝ ਭੁੱਲਾਂ।
ਮੇਰੇ ਸਾਹੀਂ ਤੂੰ ਵਸੇਂਦਾ,
ਹਰ ਸਾਹ ਦੇ ਵਿਚ ਤੇਰਾ ਨਾਂ।
ਇਹ ਉਮਰਾ ਨਾ ਲੰਘੇ ਮੇਰੀ,
ਮੇਰੇ ਸੱਜਣਾ ਤੇਰੇ ਬਿਨਾਂ।
ਚੰਗਾ ਸੀ ਜੇ ਤੂੰ ਆ ਜਾਂਦਾ,
ਦਿਨ ਕੱਟ ਜਾਂਦੇ, ਨਾਲ ਸੁੱਖਾਂ।
ਯਾਦਾਂ ਦੇ ਮੈਂ ਦੀਪ ਜਲਾ ਕੇ,
ਇੱਕੋ ਬੱਸ ਤੇਰੀ, ਪੂਜਾ ਕਰਾਂ।

(7)
ਆਇਆ ਸਾਂ ਤਿਰੇ ਸ਼ਹਿਰ ਮੈਂ ਇਕ ਲਹਿਰ ਵਾਂਗੂ।
ਦੱਬ ਕੇ ਰਹਿ ਗਿਆ ਹਾਂ, ਇਕ ਗਹਿਰ ਵਾਂਗੂ।
ਚੜ੍ਹਿਆ ਸੀ ਰੰਗ ਲਾਲੀ ਦਾ ਜੋ ਪੁਸ਼ਪ ਉਪਰ,
ਢਲ਼ ਗਿਆ ਓਹ ਵੀ, ਅੱਜ ਪਿਛਲੇ ਪਹਿਰ ਵਾਂਗੂ।
ਨਾ ਮਿਲਿਆ ਸਹਾਰਾ ਜ਼ਿੰਦਗੀ ਦੇ ਮੁਕਾਮ 'ਚੋਂ,
ਤੁਰਦੇ ਰਹੇ ਚੁੱਪ ਚਾਪ, ਅਡੋਲ ਨਹਿਰ ਵਾਂਗੂ।
ਦਸਦਾ ਸੀ ਜਦ ਕੋਈ, ਦਿਲ ਦੀ ਗੱਲ ਕਿਸੇ ਨੂੰ,
ਲਗਦੀ ਸੀ ਓਸ ਨੂੰ, ਉਹ ਗੱਲ ਵੀ ਜ਼ਹਿਰ ਵਾਂਗੂ।
ਮੁਹੱਬਤ ਦੀ ਗੱਲ ਭਾਵੇਂ, ਕਹਿਣੀ ਹੈ ਮੁਸ਼ਕਿਲ,
ਪੜ੍ਹ ਲੈਂਦੇ ਨੇ ਦਿਲਦਾਰ, ਨਜ਼ਰ 'ਚੋਂ ਬਹਿਰ ਵਾਂਗੂ।
ਪੜ੍ਹ ਨਾ ਸਕਿਉਂ ਤੂੰ, ਸਾਡੇ ਨੈਣਾਂ ਦੀ ਇਬਾਰਤ,
ਲਿਖੀ ਸੀ ਜੋ ਮੈਂ, ਕਦੇ ਤਪਦੀ ਦੁਪਹਿਰ ਵਾਂਗੂ।
ਜਦੋਂ ਵੀ ਕਦੇ 'ਚੰਡਿਹੋਕ', ਮਿਲਿਆ ਹੈ ਤੈਨੂੰ,
ਹਰ ਮੋੜ 'ਤੇ ਢਾਹਿਆ ਹੈ ਸਿਤਮ ਕਹਿਰ ਵਾਂਗੂ।

(8)
ਨਾ ਇਹ ਦੋਸ਼ ਤੇਰਾ, ਨਾ ਦੋਸ਼ ਮੇਰਾ।
ਉਲਫ਼ਤ ਦੀ ਰਾਹ 'ਚ ਗ਼ਮ ਦਾ ਡੇਰਾ।
ਜਿਨ੍ਹੀਂ ਰਾਹੀਂ ਮੈਂ, ਟੁਰਿਆ ਸਦਾ ਈ,
ਉਨ੍ਹੀਂ ਰਾਹੀਂ ਹੈ, ਸਦਾ ਹਨੇਰਾ।
ਮੰਜ਼ਿਲ ਨਾ ਪਾਵੈ ਕਦੇ ਕੋਈ ਰਾਹੀ,
ਉਂਝ ਕਾਫ਼ਲਾ ਤੁਰ ਰਿਹੈ, ਹੈ ਸਿਦਕ ਬਥੇਰਾ।
ਕਰ ਗਿਆ ਜਿਹੜਾ ਸਰ ਪਰਬਤਾਂ ਨੂੰ,
ਧੰਨ ਹੈ ਉਹ, ਅਤੇ ਧੰਨ ਉਸਦਾ ਜੇਰਾ।
ਜੂਝਦੇ ਆ ਰਹੇ ਹਾਂ ਜ਼ਿੰਦਗੀ ਦੀ ਖ਼ਾਤਿਰ,
ਪਰ ਹੱਥ ਨਾ ਆਇਆ, ਕਦੇ ਵੀ ਸਵੇਰਾ।

(9)
ਅਹਿਸਾਸਾਂ ਦੀ ਅੱਗ 'ਚ ਅਸੀਂ ਜਲ਼ੇ ਹਾਂ।
ਗ਼ਮਾਂ ਦੇ ਸਾਏ ਵਿਚ, ਅਸੀਂ ਪਲ਼ੇ ਹਾਂ।
ਨਾ ਛੇੜੋ ਹੁਣ ਰਾਗ, ਜੋ ਦਰਦੀਲੇ,
ਦੁੱਖ ਝੱਲਦੇ, ਅਸੀਂ ਭਲੇ ਹਾਂ।
ਸ਼ਮ੍ਹਾ ਦੀ ਲਾਟ ਜਦੋਂ, ਹੈ ਦੇਖੀ,
ਵਾਂਗ ਪਰਵਾਨੇ ਦੇ, ਅਸੀਂ ਜਲ਼ੇ ਹਾਂ।
ਕੀ ਦੱਸੀਏ ਯਾਰੋ, ਅਸੀਂ ਹਾਲ ਆਪਣਾ,
ਸਫ਼ਰ ਨੇ ਪੂਰੀ ਤਰ੍ਹਾਂ, ਦਲ਼ੇ ਹਾਂ।
ਇਬਾਦਤ ਕੀਤੀ ਸੀ, ਜਿਨ੍ਹਾਂ ਦੀ ਖ਼ਾਤਿਰ,
ਉਹੋ ਦਿਲਾਂ ਵਿਚ, ਧਾਰ ਚਲੇ ਹਾਂ।
ਉਨ੍ਹਾਂ ਲਈ ਖ਼ੈਰ ਮੰਗਦੇ ਸਦਾ ਹੀ,
ਜਿਨ੍ਹਾਂ ਦੇ ਰੰਗ ਵਿਚ, ਅਸੀਂ ਰਲ਼ੇ ਹਾਂ।
ਜਾਣੇ ਨਾ ਜਾਣੇ ਹੈ, ਉਹ 'ਚੰਡਿਹੋਕ',
ਉਸ ਦੇ ਹੀ ਅਕਸ ਵਿਚ, ਅਸੀਂ ਢਲ਼ੇ ਹਾਂ।

(10)
ਹਨ ਵਹਿਮਾਂ ਦੇ ਮਾਰੇ ਲੋਕ।
ਐਪਰ ਨੇ ਸਚਿਆਰੇ ਲੋਕ।
ਉਪਰੋਂ ਭਾਵੇ ਖੁਸ਼ ਪਏ ਜਾਪਣ,
ਅੰਦਰੋਂ ਗ਼ਮਾਂ ਦੇ, ਮਾਰੇ ਲੋਕ।
ਪਿਆਰ ਭੁੱਲ ਕੱਟੜ ਹੋ ਗਏ,
ਬਣ ਗਏ, ਖਾਰੇ-ਖਾਰੇ ਲੋਕ।
ਨਵਯੁਗ ਦੇ ਵਿਚ ਭਟਕੇ ਫਿਰਦੇ,
ਇਹ ਵਖ਼ਤਾਂ ਦੇ ਮਾਰੇ ਲੋਕ।
ਨਸ਼ਿਆਂ ਵਿਚ ਗ਼ਲਤਾਨ ਨੇ ਰਹਿੰਦੇ,
ਬਣ ਜਾਂਦੇ ਹਤਿਆਰੇ ਲੋਕ।
ਸ਼ਰਮ, ਹਯਾ ਖੰਭ ਲਾ ਕੇ ਉੱਡੇ,
ਆਖਣ ਨੂੰ ਵਡਿਆਰੇ ਲੋਕ।
'ਚੰਡਿਹੋਕ' ਕਿਸ ਦੀ ਗੱਲ ਕਰੀਏ,
ਅੱਜ ਨੇ ਕਿਸਮਤ ਮਾਰੇ ਲੋਕ।

ਸੰਪਰਕ : 95010-00224

ਜੰਤਰ ਮੰਤਰ : ਸਭ ਕੁਝ ਦਾਅ 'ਤੇ ਲਾਉਣ ਵਾਲੇ ਅਣਗੌਲੇ ਕਿਰਤੀ

ਦਿਕਸ਼ਿਆ ਕੋਇਰਾਲਾ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

ਨਿਊਜ਼ਲਾਂਡਰੀ ਨਾਲ ਜੁੜੀ ਸਿਖਾਂਦਰੂ ਪੱਤਰਕਾਰ ਦਿਕਸ਼ਿਆ ਕੋਇਰਾਲਾ ਨੇ ਆਪਣੀ ਇਸ ਖ਼ਾਸ ਰਿਪੋਰਟ ਵਿਚ ਉਨ੍ਹਾਂ ਕਿਰਤੀਆਂ ਦੀ ਗੱਲ ਕੀਤੀ ਹੈ, ਜਿਨ੍ਹਾਂ ਨੇ ਵਿਦਿਆਰਥੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਨੂੰ ਕਾਮਯਾਬ ਬਣਾਇਆ।ਇਹ ਰਿਪੋਰਟ ਇਸ ਲਈ ਸਾਂਝੀ ਕਰਨੀ ਮਹੱਤਵਪੂਰਨ ਹੈ ਕਿ ਜਦੋਂ ਵੱਡੇ ਅੰਦੋਲਨ ਲੜੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਕਾਮਯਾਬ ਕਰਨ ਵਾਲਾ ਇਕ ਹਿੱਸਾ ਅਜਿਹਾ ਵੀ ਹੁੰਦਾ ਹੈ, ਜਿਸ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ-ਸੰਪਾਦਕ

ਦੂਜੇ ਰਾਜਾਂ ਤੋਂ ਜੰਤਰ-ਮੰਤਰ ਅੰਦੋਲਨ 'ਚ ਸ਼ਾਮਲ ਹੋਏ ਕਿਰਤੀ ਦੱਸਦੇ ਹਨ ਕਿ ਉਹ ਜੰਤਰ ਮੰਤਰ 'ਤੇ ਕਿਉਂ ਡੇਰੇ ਲਾਈ ਬੈਠੇ ਸਨ। ਅਸੀਂ ਤਾਂ ਪਹਿਲਾਂ ਹੀ ਲਗਾਤਾਰ ਦੁੱਖਾਂ ਵਿੱਚ ਜੀ ਰਹੇ ਹਾਂ ਅਤੇ ਤਿਲ-ਤਿਲ ਕਰਕੇ ਮੌਤ ਮਰ ਰਹੇ ਹਾਂ। ਉਸ ਨਾਲੋਂ ਇੱਥੇ ਮਰਨਾ ਚੰਗਾ ਹੈ।

ਜਦੋਂ ਉੱਤਰ ਪ੍ਰਦੇਸ਼ ਤੋਂ 27 ਸਾਲ ਦੇ ਮੋਚੀ ਅਰੁਣ ਨੇ ਸ਼ੁੱਕਰਵਾਰ ਨੂੰ ਜੰਤਰ ਮੰਤਰ 'ਤੇ ਗੱਲ ਕਰਦਿਆਂ ਇਹ ਕਿਹਾ ਤਾਂ ਉਸ ਨੂੰ ਪਤਾ ਨਹੀਂ ਸੀ ਕਿ ਅਗਲੇ ਦਿਨ ਕੀ ਹੋਣ ਵਾਲਾ ਸੀ। ਅਗਲੇ ਦਿਨ, ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਅਸਤੀਫਾ ਦੇ ਦਿੱਤਾ ਅਤੇ ਕਾਕਰੋਚ ਜਨਤਾ ਪਾਰਟੀ (ਸੀ.ਜੇ.ਪੀ.) ਨੇ ਆਪਣਾ ਹਫ਼ਤਿਆਂ ਤੋਂ ਚੱਲ ਰਿਹਾ ਅੰਦੋਲਨ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ, ਇਹ ਦੱਸਦੇ ਹੋਏ ਕਿ ਸਰਕਾਰ ਨੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ। ਫੁੱਟਪਾਥ 'ਤੇ ਰਾਤਾਂ ਕੱਟ ਰਹੇ ਪ੍ਰਦਰਸ਼ਨਕਾਰੀ ਘਰਾਂ ਨੂੰ ਵਾਪਸ ਜਾਣੇ ਸ਼ੁਰੂ ਹੋ ਗਏ।

20 ਜੁਲਾਈ ਦੀ ਪੁਲਸ ਕਾਰਵਾਈ ਤੋਂ ਬਾਅਦ ਦੇ ਦਿਨਾਂ ਵਿੱਚ, ਇਸ ਅੰਦੋਲਨ ਦਾ ਜਨਤਕ ਚਿਹਰਾ ਜ਼ਿਆਦਾਤਰ ਵਿਦਿਆਰਥੀ, ਦੁਖੀ ਅਤੇ ਚਿੰਤਤ ਮਾਪੇ, ਸੀ.ਜੇ.ਪੀ. ਦੀ ਲੀਡਰਸ਼ਿੱਪ, ਸੋਨਮ ਵਾਂਗਚੁਕ, ਨੌਜਵਾਨ ਪ੍ਰੋਫੈਸ਼ਨ ਅਤੇ ਉਹ ਇੰਫਲੂਐਂਸਰ ਤੇ ਕੰਟੈਂਟ ਸਿਰਜਕ ਸਨ, ਜਿਨ੍ਹਾਂ ਨੇ ਜੰਤਰ ਮੰਤਰ ਨੂੰ ਲਾਈਵ ਪ੍ਰਸਾਰਣ ਵਿੱਚ ਬਦਲ ਦਿੱਤਾ ਸੀ।

ਪਰ ਉਨ੍ਹਾਂ ਦੇ ਮੋਢੇ ਨਾਲ ਮੋਢਾ ਲਗਾ ਕੇ ਡਟੇ-ਉਸੇ ਫੁੱਟਪਾਥ 'ਤੇ ਸੌਣ ਵਾਲਿਆਂ, ਉਹੀ ਲਾਠੀਆਂ ਝੱਲਣ ਵਾਲਿਆਂ ਦਾ ਇੱਕ ਹੋਰ ਸਮੂਹ ਵੀ ਸੀ, ਜੋ ਮੁਕਾਬਲਤਨ ਅਣਗੌਲਿਆ ਰਿਹਾ: ਪਲੰਬਰ, ਪੇਂਟਰ, ਰਾਜਗੀਰ, ਨਾਈ ਅਤੇ ਮੋਚੀ, ਜਿਨ੍ਹਾਂ ਵਿੱਚੋਂ ਕਿਸੇ ਨੇ ਵੀ ਕੋਈ ਪ੍ਰੀਖਿਆ ਨਹੀਂ ਸੀ ਦੇਣੀ ਜਾਂ ਉਨ੍ਹਾਂ ਦੀ ਕੋਈ ਡਿਗਰੀ ਖ਼ਤਰੇ 'ਚ ਨਹੀਂ ਸੀ।

ਉਨ੍ਹਾਂ ਨੇ ਸਭ ਤੋਂ ਵੱਧ ਗੁਆਉਣਾ ਸੀ ਅਤੇ ਸਭ ਤੋਂ ਘੱਟ ਹਾਸਲ ਕਰਨਾ ਸੀ, ਪਰ ਉਹ ਫਿਰ ਵੀ ਆਏ। ਇਹ ਹੈ ਉਨ੍ਹਾਂ ਦੀ ਕਹਾਣੀ।

'ਪੁਲਸ ਸਾਡੇ ਪ੍ਰਤੀ ਬੇਰਹਿਮ ਸੀ'

ਨਿਊਜ਼ਲਾਂਡਰੀ ਨਾਲ ਗੱਲ ਕਰਦਿਆਂ, ਅਰੁਣ ਨੇ 20 ਜੁਲਾਈ ਦੇ ਪੁਲਸ ਲਾਠੀਚਾਰਜ ਨਾਲ ਆਪਣੇ ਹੱਥ ਅਤੇ ਲੱਤ 'ਤੇ ਲੱਗੀਆਂ ਸੱਟਾਂ ਦਿਖਾਈਆਂ।

ਅਮਨ-ਪਸੰਦ ਪ੍ਰਦਰਸ਼ਨ ਵਿੱਚ ਵੀ ਉਹ ਸਾਡੇ ਪ੍ਰਤੀ ਏਨੇ ਬੇਕਿਰਕ ਸਨ, ਮੈਨੂੰ ਨਹੀਂ ਪਤਾ ਕਿਉਂ, ਉਸ ਨੇ ਕਿਹਾ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਕੀ ਉਹ ਗ੍ਰਿਫ਼ਤਾਰੀ ਤੋਂ ਡਰਦਾ ਹੈ, ਤਾਂ ਉਸ ਨੇ ਅੱਗੇ ਕਿਹਾ, ਅਸੀਂ ਇੱਕ ਅਜਿਹੇ ਮੁਲਕ ਵਿੱਚ ਰਹਿ ਰਹੇ ਹਾਂ, ਜਿੱਥੇ ਮੈਨੂੰ ਪਹਿਲਾਂ ਹੀ ਲੱਗਦਾ ਹੈ ਜਿਵੇਂ ਮੈਂ ਕੈਦ ਹਾਂ। ਅਸੀਂ ਆਪਣੀ ਅਵਾਜ਼ ਉਠਾਉਣ ਜਾਂ ਆਪਣੇ ਅਧਿਕਾਰਾਂ ਲਈ ਲੜਨ ਦੇ ਯੋਗ ਨਹੀਂ ਹਾਂ।

ਉਹ ਪਿਛਲੇ ਇੱਕ ਹਫਤੇ ਤੋਂ ਜੰਤਰ ਮੰਤਰ 'ਤੇ ਸੀ। ਉਹ ਦਰਜਨਾਂ ਮਜ਼ਦੂਰਾਂ ਵਿੱਚੋਂ ਇੱਕ ਸੀ, ਜੋ ਉੱਤਰੀ ਭਾਰਤ ਤੋਂ ਸੀ.ਜੇ.ਪੀ. ਦੇ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਵਿੱਚੋਂ ਬਹੁਤ ਸਾਰੇ 3 ਤੋਂ 10 ਲੋਕਾਂ ਦੀਆਂ ਟੋਲੀਆਂ ਵਿੱਚ ਆਏ ਸਨ। ਕੁਝ 20 ਜੁਲਾਈ ਤੋਂ ਪਹਿਲਾਂ ਸ਼ਾਮਲ ਹੋਏ; ਦੂਸਰੇ ਬਾਅਦ ਵਿੱਚ, ਪੁਲਸ ਕਾਰਵਾਈ ਨੂੰ ਆਨਲਾਈਨ ਦੇਖਣ ਤੋਂ ਬਾਅਦ ਸ਼ਾਮਲ ਹੋਏ। ਕਈਆਂ ਨੇ ਦੱਸਿਆ ਕਿ ਖ਼ਬਰ ਮੁੱਖ ਤੌਰ 'ਤੇ ਇੰਸਟਾਗ੍ਰਾਮ ਰਾਹੀਂ ਫੈਲੀ ਸੀ।

'ਮੇਰੇ ਵਰਗਾ ਕੋਈ ਮਰ ਜਾਵੇਗਾ'

ਮੁਹੰਮਦ ਸ਼ਾਹਰੁਖ ਅੰਸਾਰੀ, ਜੋ ਇੱਕ ਪਲੰਬਰ, ਇਲੈਕਟ੍ਰੀਸ਼ੀਅਨ, ਅਤੇ ਉਸਾਰੀ ਮਜ਼ਦੂਰ ਵਜੋਂ ਕੰਮ ਕਰਦਾ ਹੈ ਅਤੇ ਨਾਲ ਦੀ ਨਾਲ ਲਦਾਈ-ਲੁਹਾਈ ਦਾ ਕੰਮ ਵੀ ਕਰ ਲੈਂਦਾ ਹੈ, 19 ਜੁਲਾਈ ਤੋਂ ਵਿਰੋਧ ਸਥਾਨ 'ਤੇ ਸੀ। ਉਹ 30 ਸਾਲ ਤੋਂ ਵੱਧ ਉਮਰ ਦਾ ਸੀ, ਜਿਨ੍ਹਾਂ ਵਿਦਿਆਰਥੀਆਂ ਦੀ ਉਹ ਹਮਾਇਤ ਕਰਨ ਆਇਆ ਸੀ, ਉਨ੍ਹਾਂ ਦੀ ਉਮਰ ਤੋਂ ਕਾਫ਼ੀ ਵੱਧ ਅਤੇ ਉਹ ਇਹ ਦੱਸਦਿਆਂ ਪੂਰਾ ਸੁਚੇਤ ਸੀ ਕਿ ਇਸ ਨੇ ਉਸ ਨੂੰ ਕਿਉਂ ਨਹੀਂ ਰੋਕਿਆ।

ਮੈਂ ਇੱਥੇ ਇਸ ਲਈ ਆਇਆ ਹਾਂ, ਕਿਉਂਕਿ ਮੈਂ ਨੌਜਵਾਨਾਂ ਦੀਆਂ ਸਮੱਸਿਆਵਾਂ ਅਤੇ ਨਿਰਾਸ਼ਾ ਦੇਖੀ ਹੈ। ਕੱਲ੍ਹ, ਇਹ ਬਹੁਤ ਸੰਭਵ ਹੈ ਕਿ ਮੈਨੂੰ ਵੀ ਇਹੋ ਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇ, ਉਸ ਨੇ ਕਿਹਾ। ਜੇ ਕੱਲ੍ਹ, ਪੇਪਰ ਲੀਕ ਕਾਰਨ ਕੋਈ ਅਨਪੜ੍ਹ ਡਾਕਟਰ ਬਣ ਗਿਆ ਅਤੇ ਸਿਸਟਮ ਵਿੱਚ ਗੜਬੜ ਕਰ ਦਿੱਤੀ, ਤਾਂ ਮੇਰੇ ਵਰਗਾ ਕੋਈ ਮਰ ਜਾਵੇਗਾ... ਇੱਥੋਂ ਤੱਕ ਕਿ ਮੇਰੇ ਬੱਚਿਆਂ ਦਾ ਭਵਿੱਖ ਵੀ ਤਬਾਹ ਹੋ ਜਾਵੇਗਾ, ਉਸ ਨੇ ਕਿਹਾ।

ਸ਼ਾਹਰੁਖ ਨੇ ਆਪਣੇ ਪਰਵਾਰ ਨੂੰ ਨਹੀਂ ਦੱਸਿਆ ਸੀ ਕਿ ਉਹ ਉੱਥੇ ਹੈ। ਉਹ ਹਰਿਆਣਾ ਦੇ ਬਹਾਦਰਗੜ੍ਹ ਤੋਂ ਆਪਣਾ ਘਰ ਛੱਡ ਕੇ ਆਇਆ ਸੀ ਅਤੇ ਉਦੋਂ ਤੋਂ ਹਰ ਰਾਤ ਪ੍ਰਦਰਸ਼ਨ ਵਾਲੀ ਜਗ੍ਹਾ 'ਤੇ ਹੀ ਸੁੱਤਾ ਸੀ। ਪ੍ਰਦਰਸ਼ਨ ਵਾਲੀ ਜਗ੍ਹਾ 'ਤੇ ਸੌਣ ਦੀਆਂ ਆਪਣੀਆਂ ਸਮੱਸਿਆਵਾਂ ਸਨ। ਨਹਾਉਣ ਲਈ ਕੋਈ ਵਿਸ਼ੇਸ਼ ਜਗ੍ਹਾ ਨਹੀਂ ਸੀ, ਵਾਸ਼ਰੂਮ ਜਨਤਕ ਵਰਤੋਂ ਲਈ ਸਨ ਅਤੇ ਅਕਸਰ ਸਾਫ਼ ਨਹੀਂ ਕੀਤੇ ਜਾਂਦੇ ਸਨ ਅਤੇ ਸਾਬਣ ਤੇ ਕੂੜੇਦਾਨਾਂ ਵਰਗੀਆਂ ਬੁਨਿਆਦੀ ਚੀਜ਼ਾਂ ਦੀ ਘਾਟ ਸੀ। ਫਿਰ ਵੀ ਸ਼ਾਹਰੁਖ ਨੇ ਕਿਹਾ ਕਿ ਉਹ ਉੱਥੇ ਰਹਿਣ ਲਈ ਆਇਆ ਸੀ।

ਉਸ ਨੇ ਦੱਸਿਆ ਕਿ ਉਸ ਨੂੰ ਸਭ ਤੋਂ ਵੱਧ ਜਿਹੜੀ ਗੱਲ ਨੇ ਝੰਜੋੜਿਆ, ਉਹ ਸੀ ਜੋ ਉਸ ਨੇ 20 ਜੁਲਾਈ ਨੂੰ ਦੇਖਿਆ, ਜਿਸ ਦਿਨ ਪੁਲਸ ਨੇ ਪ੍ਰਦਰਸ਼ਨਕਾਰੀਆਂ 'ਤੇ ਲਾਠੀਚਾਰਜ ਕੀਤਾ। ਕੁਝ ਲੋਕਾਂ ਨੂੰ ਸਿਰ 'ਤੇ ਸੱਟਾਂ ਲੱਗੀਆਂ। ਮੈ

ਪੈਂਗੌਂਗ ਝੀਲ ਦੇ ਨਜ਼ਾਰੇ

ਯਾਤਰਾ-2

ਪਰਗਟ ਸਿੰਘ ਸਤੌਜ

ਹੁਣ ਸਾਡੀ ਅਗਲੀ ਮੰਜ਼ਲ ਪੈਂਗੌਂਗ ਲੇਕ ਹੈ। ਅਸੀਂ ਪੈਂਗੌਂਗ ਵੱਲ ਜਿੰਨਾ ਹੋ ਸਕਿਆ, ਰਸਤਾ ਕੱਢਣਾ ਹੈ ਤੇ ਜਿੱਥੇ ਵੀ ਹਨੇਰਾ ਹੋ ਗਿਆ, ਟੈਂਟ ਗੱਡ ਦੇਣੇ ਹਨ। ਨੁਬਰਾ ਵੈਲੀ ਤੋਂ ਬਾਅਦ ਪੈਂਗੌਂਗ ਨੂੰ ਜਾਣ ਵਾਲੀ ਸੜਕ ਬਹੁਤ ਵਧੀਆ ਹੈ। ਸਾਡੇ ਮੋਟਰਸਾਈਕਲ ਹਨੇਰੀ ਬਣੇ ਜਾ ਰਹੇ ਹਨ। ਰਸਤੇ ਵਿੱਚ ਇੱਕ ਥਾਂ ਨਦੀ ਉੱਪਰ ਪੁਲ ਦਾ ਕੰਮ ਚੱਲ ਰਿਹਾ ਹੈ। ਇਹ ਨਦੀ ਅਸੀਂ ਗੇੜਾ ਦੇ ਕੇ ਇੱਕ ਪਾਸਿਓਂ ਪਾਰ ਕਰਨੀ ਹੈ। ਅੱਗੇ ਨਦੀ ਵਿੱਚ ਥੋੜ੍ਹਾ-ਥੋੜ੍ਹਾ ਪਾਣੀ ਚੱਲ ਰਿਹਾ ਹੈ। ਮੈਂ, ਸੱਤਾ ਤੇ ਜਸਵੀਰ ਨਦੀ ਪਾਰ ਕਰ ਗਏ ਹਾਂ, ਪਰ ਜੱਸਾ ਝਿਜਕ ਰਿਹਾ ਹੈ।

"ਲਿਆ ਮੈਨੂੰ ਫੜਾ, ਮੈਂ ਕੱਢਦਾਂ ਮੋਟਰਸਾਈਕਲ। ਤੁਸੀਂ ਮੇਰੀ ਵੀਡੀਓ ਬਣਾਇਓ।" ਸੱਤਾ ਮੋਟਰਸਾਈਕਲ ਵੱਲ ਇੰਝ ਆਇਆ ਹੈ, ਜਿਵੇਂ ਤਕੜਾ ਭਲਵਾਨ ਆਪਣੇ ਤੋਂ ਮਾੜੇ ਭਲਵਾਨ ਨੂੰ ਵੇਖ ਕੇ ਪੂਰੇ ਆਤਮ-ਵਿਸ਼ਵਾਸ ਨਾਲ ਰਿੰਗ ਵੱਲ ਵਧਦਾ ਹੈ। ਸੱਤੇ ਨੇ ਮੋਟਰਸਾਈਕਲ ਸਟਾਰਟ ਕਰ ਲਿਆ। ਬਿੱਕੀ ਵੀਡੀਓ ਬਣਾਉਣ ਲੱਗ ਪਿਆ ਹੈ। ਅੱਧ ਵਿੱਚ ਆ ਕੇ ਮੋਟਰਸਾਈਕਲ ਗੇੜਾ ਖਾ ਗਿਆ ਹੈ ਤੇ ਸੱਤਾ ਪਾਣੀ ਵਿੱਚ ਜਾ ਪਿਆ ਹੈ। ਹੁਣ ਉਹ ਵੀਡੀਓ ਡਿਲੀਟ ਕਰਵਾਉਣ ਲਈ ਹੱਥ ਬੰਨ੍ਹਦਾ ਫਿਰਦਾ ਹੈ।

ਅੱਗੇ ਸੜਕ ਮਲਾਈ ਵਰਗੀ ਹੈ। ਮੋਟਰਸਾਈਕਲ ਸੌ ਤੋਂ ਉੱਪਰ ਦੌੜ ਰਹੇ ਹਨ। ਆਲੇ-ਦੁਆਲੇ ਪਹਾੜ ਹਨ ਤੇ ਵਿਚਕਾਰ ਵਿਸ਼ਾਲ ਮੈਦਾਨ। ਇਸ ਮੈਦਾਨ ਦੇ ਵਿਚਕਾਰ ਮੁਟਿਆਰ ਦੇ ਸਿਰ ਵਿਚਲੇ ਸਿੱਧੇ ਚੀਰ ਵਾਂਗ ਚੌੜੀ ਤੇ ਸਿੱਧੀ ਸੜਕ ਹੈ। ਕੋਈ ਟਰੈਫ਼ਿਕ ਨਹੀਂ। ਸਿਰਫ਼ ਸਾਡੇ ਮੋਟਰਸਾਈਕਲਾਂ ਦੀ ਗੂੰਜ ਪਹਾੜਾਂ ਦੀਆਂ ਟੀਸੀਆਂ ਤੱਕ ਗੂੰਜ ਰਹੀ ਹੈ। ਆਲੇ-ਦੁਆਲੇ ਦੀ ਕੁਦਰਤ ਨੂੰ ਵੇਖ ਕੇ ਮਨ ਅਸ-ਅਸ ਕਰ ਉੱਠਿਆ ਹੈ। ਮੈਂ ਰਾਤ ਇੱਥੇ ਹੀ ਗੁਜ਼ਾਰਨੀ ਚਾਹੁੰਦਾ ਹਾਂ, ਪਰ ਦੂਸਰੇ ਅੱਗੇ ਟਿਕਾਣਾ ਵੇਖਣ ਲਈ ਬਜ਼ਿੱਦ ਹਨ। ਮਨ ਮਾਰ ਕੇ ਉਹਨਾਂ ਦੇ ਪਿੱਛੇ ਮੋਟਰਸਾਈਕਲ ਭਜਾ ਲੈਂਦਾ ਹਾਂ।

ਅੱਗੇ ਬਿੱਕੀ ਤੇ ਜੱਸੇ ਨੇ ਇੱਕ ਟਿਕਾਣਾ ਵੇਖ ਲਿਆ ਹੈ। ਅਗਮ ਪਿੰਡ ਦੇ ਨਾਲ ਖਹਿ ਕੇ ਵਗਦੀ ਨਦੀ ਦੇ ਕਿਨਾਰੇ ਦਰੱਖ਼ਤਾਂ ਦਾ ਜੰਗਲ ਹੈ ਤੇ ਵਿੱਚ ਘਾਹ ਦਾ ਮੈਦਾਨ। ਇੱਥੇ ਇੱਕ ਬੰਗਾਲੀ ਗਰੁੱਪ ਤੇ ਇੱਕ ਕੈਂਟਰ ਵਾਲੇ ਵੀ ਟੈਂਟ ਲਗਾ ਰਹੇ ਹਨ। ਦੇਖਣ ਨੂੰ ਇਹ ਥਾਂ ਬਹੁਤ ਸੋਹਣੀ ਹੈ, ਪਰ ਹੇਠਾਂ ਤੋਂ ਸਲ੍ਹਾਭੀ ਜਾਪਦੀ ਹੈ। ਅਸੀਂ ਇੱਕ ਔਖੇ ਰਾਹ ਤੋਂ ਮੋਟਰਸਾਈਕਲ ਇੱਥੇ ਲੈ ਆਏ ਹਾਂ ਤੇ ਆਪਣਾ ਡੇਰਾ ਜਮਾਉਣਾ ਸ਼ੁਰੂ ਕਰ ਦਿੰਦੇ ਹਾਂ। ਸੁੱਕਾ ਗੋਹਾ ਤੇ ਲੱਕੜਾਂ ਇਕੱਠੀਆਂ ਕਰਕੇ ਧੂਣੀ ਬਾਲ ਲਈ ਹੈ। ਜੱਸਾ ਨੇ ਇਸ ਦਾ ਨਾਂਅ 'ਲੇਡਾ ਫਾਇਰ' ਰੱਖਿਆ ਹੋਇਆ ਹੈ। ਇਹ 'ਲੇਡਾ ਫਾਇਰ' ਅਸੀਂ ਜਿੱਥੇ ਵੀ ਟੈਂਟ ਲਾਉਂਦੇ ਹਾਂ, ਜਲਾ ਲੈਂਦੇ ਹਾਂ। ਜੱਸਾ ਗੀਤ ਗਾਉਣ ਲੱਗ ਪਿਆ ਹੈ। ਬੰਗਾਲੀ ਵੀ ਸਾਡੇ ਕੋਲ ਜੱਸੇ ਦੇ ਗੀਤ ਸੁਣਨ ਲਈ ਆ ਗਏ ਹਨ। ਧੂਣੀ 'ਚੋਂ ਨਿਕਲਦਾ ਧੂੰਆਂ ਅਸਮਾਨੀ ਚੜ੍ਹ ਰਿਹਾ ਹੈ। ਹਨੇਰੇ ਵਿੱਚ ਡੁੱਬੇ ਆਲੇ-ਦੁਆਲੇ ਦੇ ਪਹਾੜ ਦਿਓਆਂ ਵਾਂਗ ਜਾਪਦੇ ਹਨ। ਨਦੀ ਦੇ ਪਾਣੀ ਦਾ ਸੰਗੀਤ ਟਿਕੀ ਰਾਤ ਵਿੱਚ ਇੱਥੇ ਤੱਕ ਸਾਫ਼ ਸੁਣਾਈ ਦੇ ਰਿਹਾ ਹੈ। ਇਸੇ ਸੰਗੀਤ ਨਾਲ ਇੱਕ-ਮਿੱਕ ਹੁੰਦੀ ਜੱਸੇ ਦੇ ਗੀਤਾਂ ਦੀ ਲਹਿਰ ਫ਼ਿਜ਼ਾ ਵਿੱਚ ਗੂੰਜ ਰਹੀ ਹੈ।

ਅਸੀਂ ਖਾਣਾ ਪਹਿਲਾਂ ਹੀ ਬਣਾ ਕੇ ਖਾ ਲਿਆ ਸੀ। ਬੰਗਾਲੀ ਰਾਈਡਰ ਹੁਣ ਖਾਣਾ ਬਣਾਉਣ ਚਲੇ ਗਏ ਹਨ। ਮੈਂ ਵੀ ਠੰਢ ਤੋਂ ਡਰਦਾ ਆਪਣੇ ਟੈਂਟ ਵਿੱਚ ਆ ਪਿਆ ਹਾਂ। ਅਜੇ ਪਏ ਨੂੰ ਦਸ ਕੁ ਮਿੰਟ ਹੀ ਹੋਏ ਹਨ ਕਿ ਬਿੱਕੀ ਤੇ ਜਸਵੀਰ ਮੈਨੂੰ ਅਵਾਜ਼ਾਂ ਮਾਰਦੇ ਸੁਣੇ ਹਨ, "ਓਏ, ਪਰਗਟ ਬਾਹਰ ਆ ਕੇ ਦੇਖ ਅਸਮਾਨ।"

ਮੈਂ ਟੈਂਟ ਤੋਂ ਬਾਹਰ ਆ ਗਿਆ ਹਾਂ। ਅਸਮਾਨ ਵੱਲ ਤੱਕਿਆ ਹੈ, ਸਾਰਾ ਅਸਮਾਨ ਕਿਸੇ ਮੁਟਿਆਰ ਦੀ ਕਾਲੀ ਚੁੰਨੀ 'ਤੇ ਜੜੇ ਸਿਤਾਰਿਆਂ ਵਾਂਗ ਚਮਕ ਰਿਹਾ ਹੈ। ਜੇ ਥੋੜ੍ਹੀ ਜਿਹੀ ਨਜ਼ਰ ਟਿਕਾ ਲੈਂਦੇ ਤਾਂ ਇੱਕ ਤਾਰੇ ਦੇ ਦੁਆਲਿਓਂ ਹੋਰ ਵੀ ਕਿੰਨੇ ਤਾਰੇ ਝਾਕਣ ਲੱਗ ਪੈਂਦੇ ਹਨ। ਤਾਰਿਆਂ ਨਾਲ ਏਨਾ ਭਰਿਆ ਅਸਮਾਨ ਮੈਂ ਬਚਪਨ ਵਿੱਚ ਵੇਖਿਆ ਸੀ। ਅਸੀਂ ਕਿੰਨੀ ਦੇਰ ਤੋਂ ਬਾਹਰ ਖੜ੍ਹੇ ਖਿੜੀ ਰਾਤ ਦਾ ਆਨੰਦ ਮਾਣ ਰਹੇ ਹਾਂ। ਮੇਰਾ ਪੈਣ ਨੂੰ ਮਨ ਕਰਦਾ ਹੈ। ਮੈਂ ਉਹਨਾਂ ਨੂੰ ਗੁੱਡ ਨਾਈਟ ਕਹਿੰਦਾ ਆਪਣੇ ਟੈਂਟ ਵਿੱਚ ਆ ਪਿਆ ਹਾਂ।

(4)

ਮੈਨੂੰ ਜਾਗ ਆ ਗਈ ਹੈ। ਮੋਬਾਇਲ ਤੋਂ ਸਮਾਂ ਵੇਖਿਆ ਹੈ। ਸਵਾ ਚਾਰ ਹੋ ਗਏ ਹਨ। ਪਿਸ਼ਾਬ ਕਰਨ ਬਾਹਰ ਨਿਕਲਦਾ ਹਾਂ। ਪੈਰ ਇੰਝ ਲੱਗਿਆ ਹੈ, ਜਿਵੇਂ ਪਾਣੀ ਵਿੱਚ ਟਿਕਿਆ ਹੋਵੇ। ਗੌਰ ਨਾਲ ਵੇਖਣਾ ਹਾਂ, ਟੈਂਟਾਂ ਦੇ ਦੁਆਲੇ ਪਤਲਾ-ਪਤਲਾ ਪਾਣੀ ਨਜ਼ਰ ਪਿਆ ਹੈ।

ਮੈਂ ਜੱਸੇ ਨੂੰ ਆਵਾਜ਼ ਮਾਰਦਾ ਹਾਂ, "ਜੱਸੇ! ਲੱਗਦੈ ਆਪਣੇ ਟੈਂਟਾਂ ਵਿੱਚ ਪਾਣੀ ਵੜੂਗਾ। ਥੋੜ੍ਹਾ-ਥੋੜ੍ਹਾ ਟੈਂਟਾਂ ਥੱਲੇ ਆ ਵੀ ਗਿਐ।"

"ਮੈਟ ਦਾ ਚਿਲਕਣਾ ਪਾਸਾ ਥੱਲੇ ਐ?" ਜੱਸੇ ਨੇ ਮੈਨੂੰ ਸਵਾਲ ਕਰ ਦਿੱਤਾ ਹੈ।

"ਹਾਂ।" ਇਹ ਤਾਂ ਹਮੇਸ਼ਾ ਹੁੰਦਾ ਹੀ ਹੈ ਕਿ ਹੇਠਲੀ ਸਲ੍ਹਾਭ ਜਾਂ ਪਾਣੀ ਉੱਪਰ ਨਾ ਆਵੇ।

"ਫੇਰ ਪੈ ਜਾ ਦੋ ਘੰਟੇ। ਤੜਕੇ ਦੇਖਾਂਗੇ।" ਜੱਸਾ ਪਰਲੋ ਆਈ ਤੋਂ ਵੀ ਉੱਠਣ ਲਈ ਰਾਜ਼ੀ ਨਹੀਂ ਹੈ। ਉਹ ਮੈਨੂੰ ਵੀ ਨੇਕ ਸਲਾਹ ਦੇ ਕੇ ਚੁੱਪ ਕਰ ਜਾਂਦਾ ਹੈ।

ਸਵੇਰੇ ਵੀ ਮੈਂ ਸਭ ਤੋਂ ਪਹਿਲਾਂ ਉੱਠ ਖੜਿਆ ਹਾਂ। ਮੇਰੇ ਟੈਂਟ ਦੇ ਇੱਕ ਪਾਸੇ ਪਾਣੀ ਲੱਗਿਆ ਹੈ ਤੇ ਉਹਨਾਂ ਦੇ ਦੋਵਾਂ ਟੈਂਟਾਂ ਹੇਠ ਪਾਣੀ ਵੜ ਗਿਆ ਹੈ। ਮੈਂ ਉਹਨਾਂ ਨੂੰ ਬੋਲ ਮਾਰ ਕੇ ਉਠਾ ਲਿਆ ਹੈ। ਟੈਂਟਾਂ ਵਿਚਲਾ ਸਾਮਾਨ ਕੱਢ ਕੇ ਬਾਹਰ ਖਿਲਾਰ ਦਿੱਤਾ ਹੈ। ਅੱਜ ਸਾਨੂੰ ਖਾਣਾ ਬਣਾਉਂਦਿਆਂ ਤੇ ਸਾਮਾਨ ਨੂੰ ਧੁੱਪ ਲਵਾਉਂਦਿਆਂ ਸਾਢੇ ਗਿਆਰਾਂ ਦਾ ਸਮੇਂ ਹੋ ਗਿਆ ਹੈ। ਜਿੱਥੋਂ ਕੱਲ੍ਹ ਮੋਟਰਸਾਈਕਲ ਉਤਾਰੇ ਸਨ, ਉੱਥੇ ਵੀ ਪਾਣੀ ਭਰ ਗਿਆ ਹੈ। ਅਸਲ ਵਿੱਚ ਨਦੀ ਦੇ ਨਾਲ-ਨਾਲ ਇੱਕ ਕੱਚਾ ਖਾਲ ਜਿਹਾ ਬਣਿਆ ਹੋਇਆ ਸੀ, ਜੋ ਇਸ ਮੈਦਾਨ ਨੂੰ ਪਾਣੀ ਲਾਉਣ ਲਈ ਬਣਾਇਆ ਗਿਆ ਸੀ। ਉੱਥੋਂ ਹੀ ਰਾਤ ਇੱਥੇ ਪਾਣੀ ਆ ਗਿਆ ਸੀ। ਅਸੀਂ ਇੱਕ-ਦੂਜੇ ਮੋਟਰਸਾਈਕਲ ਨੂੰ ਧੱਕਾ ਲਾ ਕੇ ਸੜਕ ਉੱਪਰ ਚਾੜ੍ਹ ਲੈਂਦੇ ਹਾਂ ਤੇ ਮੋਟਰਸਾਈਕਲ ਪੈਂਗੌਂਗ ਲੇਕ ਵੱਲ ਭਜਾ ਲਏ ਹਨ।

ਦੁਪਹਿਰ ਤੋਂ ਪਹਿਲਾਂ ਅਸੀਂ ਇੱਥੇ ਪੈਂਗੌਂਗ ਲੇਕ 'ਤੇ ਪਹੁੰਚ ਗਏ ਹਾਂ। ਸੱਤੇ ਨੇ ਮੋਟਰਸਾਈਕਲ ਸਿੱਧਾ ਲੇਕ ਵੱਲ ਨੂੰ ਕਰ ਦਿੱਤਾ ਹੈ। ਉਸ ਦੇ ਪਿੱਛੇ ਹੀ ਅਸੀਂ ਹੱਕ ਦਿੱਤੇ ਹਨ। ਇੱਕ ਮੁਲਾਜ਼ਮ ਸਾਨੂੰ ਵੇਖ ਕੇ ਭੱਜੀ ਆਈ ਹੈ। ਉਹ ਕਹਿ ਰਹੀ ਹੈ, 'ਲੇਕ ਦੇ ਕਿਨਾਰੇ ਮੋਟਰਸਾਈਕਲ ਅਲਾਊਡ ਨਹੀਂ ਹੈ।' ਅਸੀਂ ਫਿਰ ਮੋਟਰਸਾਈਕਲ ਉੱਪਰ ਚਾੜ੍ਹ ਲਏ ਹਨ। ਦੂਰ ਤੱਕ ਫੈਲਿਆ ਸਾਫ਼, ਨੀਲਾ ਪਾਣੀ, ਝੀਲ ਦੇ ਆਲੇ-ਦੁਆਲੇ ਪਹਿਰੇਦਾਰਾਂ ਵਾਂਗ ਖੜ੍ਹੇ ਪਰਬਤ, ਉੱਪਰ ਘੁੰਮੇਰੀਆਂ ਖਾਂਦੇ ਚਿਤਕਬਰੇ ਬੱਦਲ, ਕੁਦਰਤ ਨੂੰ ਪਿਆਰ ਕਰਨ ਵਾਲੇ ਦਾ ਮਨ ਮੋਹ ਲੈਂਦੇ ਹਨ। ਅਸੀਂ ਕਈ ਘੰਟੇ ਇਸ ਹੁਸੀਨ ਦ੍ਰਿਸ਼ ਦਾ ਆਨੰਦ ਮਾਣਨ ਤੋਂ ਬਾਅਦ ਹੈਨਲੇ ਨੂੰ ਚੱਲ ਪੈਂਦੇ ਹਾਂ।

ਹੈਨਲੇ ਨੂੰ ਜਾਣ ਵਾਲੀ ਸੜਕ ਝੀਲ ਦੇ ਨਾਲ-ਨਾਲ ਤੁਰ ਰਹੀ ਹੈ, ਜਿਵੇਂ ਝੀਲ ਸਾਡੀ ਉਂਗਲ ਫੜ ਕੇ ਨਾਲ-ਨਾਲ ਤੋਰ ਰਹੀ ਹੋਵੇ। ਮੁਟਿਆਰ ਦੀ ਕਾਲੀ ਲੰਬੀ ਗੁੱਤ ਵਾਂਗ ਮੇਲ੍ਹਦੀ ਸੜਕ ਉੱਪਰ ਸਾਡੇ ਮੋਟਰਸਾਈਕਲ ਦੌੜੇ ਜਾ ਰਹੇ ਹਨ। ਇੱਥੋਂ ਹੈਨਲੇ ਬਹੁਤ ਦੂਰ ਹੈ, ਪਰ ਅਸੀਂ ਸੋਚਿਆ ਹੈ ਕਿ ਜਿੱਥੇ ਵੀ ਹਨੇਰਾ ਹੋ ਜਾਵੇਗਾ, ਉੱਥੇ ਹੀ ਰਹਿ ਪਵਾਂਗੇ। ਸੱਤਾ ਸਭ ਤੋਂ ਅੱਗੇ ਹੈ, ਉਸ ਤੋਂ ਪਿੱਛੇ ਮੈਂ ਜਾ ਰਿਹਾ ਹਾਂ। ਸੱਤੇ ਦਾ ਮੋਟਰਸਾਈਕਲ ਇੱਕ ਉੱਖਲੀ ਵਿੱਚ ਬੁੜ੍ਹਕ ਗਿਆ ਹੈ ਤੇ ਉਸ ਦੇ ਪਿੱਛੇ ਰੱਖੀ ਤੇਲ ਵਾਲੀ ਪੀਪੀ ਸੜਕ ਉੱਪਰ ਡਿੱਗ ਕੇ ਫੁੱਟ ਗਈ ਹੈ। ਅਸੀਂ ਦੋਵਾਂ ਨੇ ਮੋਟਰਸਾਈਕਲ ਰੋਕ ਲਏ ਹਨ। ਜਲਦੀ ਨਾਲ ਪੀਪੀ ਚੁੱਕ ਕੇ ਹੋਰ ਤੇਲ ਡੁੱਲ੍ਹਣੋਂ ਬਚਾ ਕਰ ਲਿਆ ਹੈ। ਮੈਂ ਸੜਕ 'ਤੇ ਪਈ ਇੱਕ ਬੋਤਲ ਲੱਭ ਲਿਆਇਆ ਹਾਂ। ਸੱਤੇ ਨੇ ਪੱਥਰ ਉੱਪਰ ਘਸਾ ਕੇ ਉਸ ਬੋਤਲ ਦਾ ਥੱਲਾ ਵੱਢ ਕੇ ਕੀਪ ਬਣਾ ਲਈ ਹੈ ਤੇ ਉਸ ਨਾਲ ਅਸੀਂ ਤੇਲ ਮੇਰੇ ਵਾਲੇ ਮੋਟਰਸਾਈਕਲ ਵਿੱਚ ਪਾ ਲੈਂਦੇ ਹਾਂ। ਏਨੇ ਨੂੰ ਜਸਵੀਰ ਹੋਰੀਂ ਵੀ ਸਾਡੇ ਨਾਲ ਰਲ ਗਏ ਹਨ। ਅਸੀਂ ਉਹਨਾਂ ਨੂੰ ਚੱਲਦੇ ਰਹਿਣ ਦਾ ਇਸ਼ਾਰਾ ਕਰ ਦਿੱਤਾ ਹੈ।

ਅੱਗੇ ਜਾ ਕੇ ਖੁੱਲ੍ਹਾ ਮੈਦਾਨ ਆ ਗਿਆ ਹੈ। ਮੈਦਾਨ ਦੇ ਵਿਚਕਾਰ ਨਵੀਂ ਬਣੀ ਕਾਲੇ ਨਾਗ ਵਰਗੀ ਸੜਕ ਹੈ। ਕੋਈ ਆਵਾਜਾਈ ਨਹੀਂ ਹੈ। ਆਲ- ਦੁਆਲੇ ਦੇ ਪਹਾੜਾਂ ਦੀਆਂ ਅਕ੍ਰਿਤੀਆਂ ਏਨੀਆਂ ਸੁੰਦਰ ਹਨ ਕਿ ਵੇਖ-ਵੇਖ ਮਨ ਨਹੀਂ ਭਰ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਜੇ ਕਿਸੇ ਨੇ ਕੁਦਰਤ ਦੀ ਸੁੰਦਰਤਾ ਵੇਖਣੀ ਹੋਵੇ ਤਾਂ ਉਸ ਨੂੰ ਜ਼ਿੰਦਗੀ ਵਿੱਚ ਪੈਂਗੌਂਗ ਤੋਂ ਹੈਨਲੇ ਦਾ ਸਫ਼ਰ ਇੱਕ ਵਾਰ ਜ਼ਰੂਰ ਕਰਨਾ ਚਾਹੀਦਾ ਹੈ। ਸੂਰਜ ਦੀ ਆਖਰੀ ਰੌਸ਼ਨੀ ਵਿੱਚ ਆਲਾ-ਦੁਆਲਾ ਸ਼ਗਨਾਂ ਦੀ ਹਲਦੀ ਵਾਂਗ ਪੀਲਾ-ਪੀਲਾ ਨਜ਼ਰ ਆ ਰਿਹਾ ਹੈ। ਸੜਕ ਬਿਲਕੁੱਲ ਸੁੰਨੀ ਹੈ, ਇਸ ਕਰਕੇ ਸਾਡੇ ਮੋਟਰਸਾਈਕਲ ਸੌ ਤੋਂ ਉੱਪਰ ਸਪੀਡ ਵਿੱਚ ਦੌੜ ਰਹੇ ਹਨ।

ਇੱਕ ਥਾਂ ਫ਼ੌਜੀਆਂ ਦੀ ਸਾਉਣੀ ਆਉਂਦੀ ਹੈ, ਪਰ ਉੱਥੇ ਕੋਈ ਨਜ਼ਰ ਨਹੀਂ ਆ ਰਿਹਾ ਹੈ। ਮੈਂ ਤੇ ਸੱਤਾ ਇੱਕ ਕਮਰੇ ਕੋਲ ਜਾ ਕੇ ਆਵਾਜ਼ ਮਾਰਦੇ ਹਾਂ। ਇੱਕ ਪੰਜਾਬੀ ਮੁੰਡਾ ਬਾਹਰ ਆ ਜਾਂਦਾ ਹੈ। ਉਹ ਸਾਨੂੰ ਦੱਸਦਾ ਹੈ ਕਿ ਇੱਥੋਂ ਸਾਗਾ ਪਿੰਡ ਪੰਦਰਾਂ ਕੁ ਕਿਲੋਮੀਟਰ ਹੈ ਤੇ ਉਸ ਤੋਂ ਅੱਗੇ ਤੀਹ ਕੁ ਕਿਲੋਮੀਟਰ ਹੈਨਲੇ ਹੈ। ਸਾਡੇ ਹੌਸਲੇ ਵਧ ਜਾਂਦੇ ਹਨ ਕਿ ਅੱਜ ਹੈਨਲੇ ਪਹੁੰਚ ਜਾਣਾ ਹੈ। ਅਸੀਂ ਫਿਰ ਮੋਟਰਸਾਈਕਲ ਖਿੱਚ ਦਿੰਦੇ ਹਾਂ। ਸਾਗਾ ਪਿੰਡ ਟੱਪ ਦੇ ਬਾਹਰ ਫ਼ੌਜ ਦੀ ਚੈੱਕ ਪੋਸਟ ਬਣੀ ਹੈ। ਉੱਥੇ ਇੱਕ ਫ਼ੌਜੀ ਸਾਡੇ ਪਾਸ ਚੌੱਕ ਕਰਨ ਲਈ ਰੋਕਦਾ ਹੈ। ਅਸੀਂ ਉਸ ਨੂੰ ਹੈਨਲੇ ਦੀ ਦੂਰੀ ਪੁੱਛਦੇ ਹਾਂ, ਉਹ ਦੱਸਦਾ ਹੈ ਕਿ ਇੱਥੋਂ ਹੈਨਲੇ 75 ਕਿਲੋਮੀਟਰ ਹੈ।

ਸੂਰਜ ਛਿਪ ਗਿਆ ਹੈ। ਦਿਨ ਦਾ ਆਖਰੀ ਚਾਨਣ ਬਚਿਆ ਹੈ। ਠੰਢ ਬੇਹੱਦ ਵਧ ਗਈ ਹੈ। ਇਸ ਵਿੱਚ ਅੱਗੇ ਜਾਣਾ ਸੰਭਵ ਨਹੀਂ ਹੈ। ਅਸੀਂ ਇੱਥੇ ਹੀ ਰੁਕਣ ਦਾ ਮਨ ਬਣਾ ਕੇ ਮੋਟਰਸਾਈਕਲ ਵਾਪਸ ਮੋੜ ਲੈਂਦੇ ਹਾਂ।

ਅਸੀਂ ਹੋਟਲ ਕੋਲ ਟੈਂਟ ਲਾਉਣ ਦੀ ਸਲਾਹ ਬਣਾ ਲੈਂਦੇ ਹਾਂ, ਪਰ ਜਦੋਂ ਕਿਸੇ ਤੋਂ ਇੱਥੋਂ ਦਾ ਤਾਪਮਾਨ ਪਤਾ ਕਰਦੇ ਹਾਂ, ਪਤਾ ਲੱਗਦਾ ਹੈ ਕਿ ਇੱਥੇ ਤਾਪਮਾਨ ਮੈਨਸ ਵਿੱਚ ਚਲਾ ਜਾਂਦਾ ਹੈ ਤਾਂ ਅਸੀਂ ਟੈਂਟ ਲਾਉਣ ਦਾ ਵਿਚਾਰ ਤਿਆਗ ਕੇ ਕੋਈ ਕਮਰਾ ਲੈਣ ਦੀ ਸੋਚਦੇ ਹੋਟਲ ਦੇ ਮਾਲਕ ਕੋਲ ਚਲੇ ਜਾਂਦੇ ਹਾਂ।

"ਬਾਬਾ ਅਸੀਂ ਪੰਜ ਬੰਦਿਆਂ ਨੇ ਰਹਿਣੈ। ਕੀ ਲਵੋਂਗੇ?" ਸੱਤਾ ਹੋਟਲ ਦੇ ਮਾਲਕ ਨਾਲ ਰੇਟ ਤਹਿ ਕਰਨ ਲੱਗ ਪਿਆ ਹੈ।

"ਪੰਜ ਬੰਦਿਆਂ ਦਾ ਦੋ ਹਜ਼ਾਰ ਦੇ ਦੇਣਾ।" ਬਜ਼ੁਰਗ ਮਾਲਕ ਦਾ ਰੇਟ ਸੁਣ ਕੇ ਮੈਨੂੰ ਜਾਪਿਆ ਕਿ ਇਹ ਬਹੁਤ ਸਸਤਾ ਕਹਿ ਦਿੱਤਾ ਹੈ।

"ਤੁਸੀਂ ਪੰਜਰਾਂ ਸੌ ਲੈ ਲੈਣਾ।" ਸੱਤੇ ਦੇ ਇਹ ਕਹਿਣ 'ਤੇ ਮੈਨੂੰ ਅਜੀਬ ਲੱਗਿਆ ਕਿ ਉਸ ਨੇ ਤਾਂ ਪਹਿਲਾਂ ਹੀ ਬੜਾ ਜਾਇਜ਼ ਦੱਸਿਆ ਹੈ।

"ਚੱਲ ਪੰਦਰਾਂ ਸੌ ਦੇ ਦੇਣਾ।" ਬਾਬੇ ਦੇ ਝੱਟ ਮੰਨ ਜਾਣ 'ਤੇ ਮੈਂ ਹੋਰ ਹੈਰਾਨ ਹੋ ਗਿਆ ਹਾਂ।

"ਅਸੀਂ ਆਪਣਾ ਖਾਣਾ ਵੀ ਆਪ ਬਣਾਉਣਾ ਹੈ। ਕਿੱਥੇ ਬਣਾਵਾਂਗੇ?" ਸੱਤਾ ਉਂਗਲ ਫੜ ਕੇ ਬਾਂਹ ਫੜਨ ਲੱਗ ਪਿਆ ਹੈ।

"ਤੁਸੀਂ ਮੇਰੇ ਡਾਈਨਿੰਗ ਹਾਲ ਵਿੱਚ ਜਿੱਥੇ ਮਰਜ਼ੀ ਬਣਾ ਲੈਣਾ।" ਬਾਬੇ ਨੇ ਪਿੰਡਾਂ ਵਾਲਾ ਵੱਡਾ ਜਿਗਰਾ ਵਿਖਾਇਆ ਹੈ।

ਅਸੀਂ ਅਜੇ ਮੋਟਰਸਾਈਕਲਾਂ ਤੋਂ ਸਾਮਾਨ ਉਤਾਰ ਹੀ ਰਹੇ ਹਾਂ ਕਿ ਇੱਕ ਮੋਟਰਸਾਈਕਲ ਉੱਪਰ ਦੋ ਝਾਰਖੰਡ ਦੇ ਬੰਦੇ ਆ ਰੁਕੇ ਹਨ।

"ਬਾਬਾ ਜੀ, ਅਸੀਂ ਇੱਥੇ ਟੈਂਟ ਲਾ ਲਈਏ?" ਉਹਨਾਂ ਵਿੱਚੋਂ ਇੱਕ ਨੇ ਪੁੱਛਿਆ ਹੈ।

"ਹਾਂ ਲਾਓ ਲਾਓ, ਮੈਂ ਤੁਹਾਡੇ ਤੋਂ ਕੁਝ ਨਹੀਂ ਲੈਂਦਾ। ਤੁਸੀਂ ਮੇਰੇ ਘਰ ਕੋਲ ਲਾ ਲਵੋ, ਉੱਥੇ ਹਵਾ ਘੱਟ ਪਵੇਗੀ।" ਬਾਬੇ ਨੇ ਖੁੱਲ੍ਹਦਿਲੀ ਨਾਲ ਹਾਂ ਕਰ ਦਿੱਤੀ ਹੈ। ਉਹ ਟੈਂਟ ਲਾਉਣ ਲੱਗ ਪਏ ਹਨ। ਬਾਬਾ ਉਹਨਾਂ ਲਈ ਇੱਕ ਰਜਾਈ ਲੈ ਆਇਆ ਹੈ, "ਲੈ ਆ ਲੈ ਲਓ। ਇੱਥੇ ਠੰਢ ਮੈਨਸ ਵਿੱਚ ਚਲੀ ਜਾਂਦੀ ਹੈ।"

ਫਿਰ ਥੋੜ੍ਹੇ ਸਮੇਂ ਬਾਅਦ ਬਾਬੇ ਦੇ ਮਨ ਵਿੱਚ ਪਤਾ ਨਹੀਂ ਕੀ ਆਈ ਹੈ, ਉਹ ਉਹਨਾਂ ਨੂੰ ਜਾ ਕੇ ਕਹਿੰਦਾ ਹੈ, "ਟੈਂਟ ਪੱਟੋ ਤੇ ਮੇਰੇ ਕਮਰੇ ਵਿੱਚ ਜਾ ਕੇ ਸੌਂ ਜਾਓ। ਮੈਂ ਤੁਹਾਡੇ ਤੋਂ ਕੁਝ ਨਹੀਂ ਲੈਂਦਾ।" ਅਸੀਂ ਬਾਬੇ ਦੀ ਇਨਸਾਨੀਅਤ ਅੱਗੇ ਸਿਰ ਝੁਕਾ ਲੈਂਦੇ ਹਾਂ।

ਬਾਬੇ ਦੇ ਡਾਇਨਿੰਗ ਹਾਲ ਵਿੱਚ ਸਾਡੀਆਂ ਖਾਣੇ ਦੀਆਂ ਤਿਆਰੀਆਂ ਹੋ ਰਹੀਆਂ ਹਨ। ਕੋਈ ਮਟਰ ਕੱਢ ਰਿਹਾ ਹੈ, ਕੋਈ ਗੰਢੇ ਛਿੱਲ ਰਿਹਾ ਹੈ, ਕੋਈ ਭੱਜਿਆ-ਭੱਜਿਆ ਸਾਮਾਨ ਧੋ ਕੇ ਲਿਆ ਰਿਹਾ ਹੈ ਤੇ ਕੋਈ ਭਾਂਡੇ ਤਿਆਰ ਕਰ ਰਿਹਾ ਹੈ। ਬਿਲਕੁੱਲ ਪਿੰਡਾਂ ਵਿਚਲੇ ਵਿਆਹ ਦੀ ਕੜਾਹੀ ਵਾਲਾ ਮਾਹੌਲ ਹੈ ਤੇ ਠੰਢ ਵੀ ਉਵੇਂ ਹੀ। ਹੋਟਲ ਵਾਲੀ ਕੁੜੀ ਤੇ ਉਹਨਾਂ ਦਾ ਰਸੋਈਆ ਵੀ ਸਾ